# 61

# ਲੋੜ:

# ਵਿਹਾਰ ਵਿਚ ਬਦਲਾਅ

## ਬਾਈਬਲ ਪਾਠ #25

VI. ਤੀਜੇ ਪਸਾਹ ਤੋਂ ਯਿਸੂ ਦਾ ਬੈਤਅਨੀਆ ਵਿਚ ਆਉਣ ਤਕ (ਚੱਲਦਾ)।
- ਟ. ਪਿਰੀਆ ਦੀ ਸੇਵਕਾਈ (ਚੱਲਦਾ)।
  - 8. ਫੁਟਕਲ ਸਿੱਖਿਆ (ਲੂਕਾ 17: 1–10)।
- ਠ. ਬੈਤਅਨੀਆ ਵਿਚ।
  - 1. ਲਾਜ਼ਰ ਨੂੰ ਜ਼ਿੰਦਾ ਕਰਨਾ (ਯੂਹੰਨਾ 11: 1–46)।
  - 2. ਮਹਾਸਭਾ ਦਾ ਫ਼ਰਮਾਨ (ਯੂਹੰਨਾ 11:47–53)।
- ਡ. ਫ਼ਲਿਸਤੀਨ ਦਾ ਆਖ਼ਰੀ ਸਫ਼ਰ।
  - 1. ਇਫ਼ਰਾਈਮ ਵਿਚ ਜਾਣਾ (ਯੂਹੰਨਾ 11:54)।
  - 2. ਸਾਮਰੀਆ ਅਤੇ ਗਲੀਲ ਵਿੱਚੋਂ ਦੀ ਹੋ ਕੇ (ਲੂਕਾ 17: 11)।
- ਢ. ਯਰੂਸ਼ਲਮ ਨੂੰ ਆਖ਼ਰੀ ਵਾਰ ਜਾਣਾ (ਲੂਕਾ 17: 11)।
  - 1. ਦਸ ਕੋੜ੍ਹਿਆਂ ਨੂੰ ਚੰਗਾ ਕਰਨਾ (ਲੂਕਾ 17: 12–19)।
  - 2. ਰਾਜ ਉੱਤੇ ਸਿੱਖਿਆ (ਲੂਕਾ 17:20–37)।
  - 3. ਦੁਆ ਉੱਤੇ ਦ੍ਰਿਸ਼ਟਾਂਤ।
    - ੳ. ਹਠੀ ਵਿਧਵਾ ਦਾ ਦ੍ਰਿਸ਼ਟਾਂਤ (ਲੂਕਾ 18: 1–8)।
    - ਅ. ਫ਼ਰੀਸੀ ਅਤੇ ਮਸੂਲ ਲੈਣ ਵਾਲੇ ਦਾ ਦ੍ਰਿਸ਼ਟਾਂਤ (ਲੂਕਾ 18:9–14)।

## ਜਾਣ ਪਛਾਣ

ਅਸੀਂ ਸਭ ਕਦੇ ਨਾ ਕਦੇ ਬੁਰੇ ਵਿਹਾਰ ਤੋਂ ਪੀੜਤ ਹੁੰਦੇ ਹਾਂ ਅਤੇ ਅਜਿਹਾ ਹੋਣ ਤੇ ਇਸ ਨਾਲ ਸਾਡੀਆਂ ਜ਼ਿੰਦਗੀਆਂ ਪ੍ਰਭਾਵਿਤ ਹੁੰਦੀਆਂ ਹਨ। ਬੁੱਧਵਾਨ ਨੇ ਆਖਿਆ ਹੈ ਕਿ ਮਨੁੱਖ ''ਜਿਹੇ ਉਹ ਦੇ ਮਨ ਦੇ ਵਿਚਾਰ ਹਨ ਤਿਹਾ ਉਹ ਆਪ ਹੈ'' (ਕਹਾਉਤਾਂ 23:7)। ਮੈਂ ਜੌਰਜ ਡਬਲਯੂ. ਬੇਲੀ ਨੂੰ ਇਵੇਂ ਕਹਿੰਦੇ ਸੁਣਿਆ ਹੈ: ''ਹੋ ਸਕਦਾ ਹੈ, ਤੁਸੀਂ ਉਹ ਨਾ ਹੋਵੋ ਜੋ ਤੁਸੀਂ ਆਪਣੇ ਆਪ ਨੂੰ ਸਮਝਦੇ ਹੋ, ਪਰ ਜੋ ਤੁਸੀਂ *ਸੋਚਦੇ ਹੋ,* ਤੁਸੀਂ ਉਹੀ ਹੋ।'' ਹਰ ਕਿਸੇ ਲਈ ਕਈ ਵਾਰ ਆਪਣੇ ਵਿਹਾਰ ਵਿਚ ਥੋੜ੍ਹਾ ਬਦਲਾਅ ਲਿਆਉਣਾ ਜ਼ਰੂਰੀ ਹੁੰਦਾ ਹੈ।[1]

ਇਸ ਅਧਿਐਨ ਵਿਚ ਅਸੀਂ ਯਿਸੂ ਨੂੰ ਫ਼ਲਿਸਤੀਨ ਦੇ ਆਖ਼ਰੀ ਦੌਰੇ ਤੇ ਵੇਖਾਂਗੇ। ਅਸੀਂ ਉਸਦੇ ਪਿਰੀਆ ਤੋਂ ਬੈਤਅਨੀਆ, ਬੈਤਅਨੀਆ ਤੋਂ ਉਜਾੜ ਅਤੇ ਉਜਾੜ ਤੋਂ ਸਾਮਰੀਆ ਅਤੇ ਗਲੀਲ ਨੂੰ ਉਸਦੇ ਜਾਣ ਨੂੰ ਵੇਖਾਂਗੇ। ਅਖ਼ੀਰ ਵਿਚ, ਅਸੀਂ ਉਸਦਾ ਸਲੀਬ ਵੱਲ ਜਾਣਾ ਯਰੂਸ਼ਲਮ ਤੋਂ ਸ਼ੁਰੂ ਕਰਦਿਆਂ ਵੇਖਾਂਗੇ। ਇਹ ਜਾਣਦੇ ਹੋਏ ਕਿ ਧਰਤੀ ਤੇ ਉਸਦਾ ਸਮਾਂ ਥੋੜ੍ਹਾ ਰਹਿ ਗਿਆ ਹੈ, ਮਸੀਹ

ਨੇ ਆਪਣੀ ਸਿੱਖਿਆ ਹੋਰ ਡੂੰਘੀ ਕਰ ਦਿੱਤੀ। ਉਸਦੀ ਵਧੇਰੇ ਸਿੱਖਿਆ ਆਪਣੇ ਚੇਲਿਆਂ ਲਈ ਅਤੇ ਇਸ ਵਿੱਚੋਂ ਵਧੇਰੇ ਫ਼ਰੀਸੀਆਂ ਲਈ ਸੀ (ਵੇਖੋ ਲੂਕਾ 17:20; 18:10; ਯੂਹੰਨਾ 11:46)। ਇਹ ਸਾਰੀ ਸਿੱਖਿਆ, ਕਿਸੇ ਨਾ ਕਿਸੇ ਤਰ੍ਹਾਂ, *ਸਹੀ ਵਿਹਾਰ* ਦੇ ਮਹੱਤਵ ਨਾਲ ਜੁੜੀ ਹੋਈ ਸੀ। ਪ੍ਰਭੂ ਦੇ ਚੇਲਿਆਂ ਲਈ ਸਹੀ ਵਿਹਾਰ ਪਹਿਲੀ ਸਦੀ ਵਿਚ ਵੀ ਜ਼ਰੂਰੀ ਸੀ ਅਤੇ ਅੱਜ ਵੀ ਓਨਾ ਹੀ ਜ਼ਰੂਰੀ ਹੈ।

## ਪਾਪ ਪ੍ਰਤੀ ਆਪਣੇ ਵਿਹਾਰ ਨੂੰ ਬਦਲੋ (ਲੂਕਾ 17:1-10)

ਪਿਛਲੇ ਪਾਠ ਵਿਚ ਦ੍ਰਿਸ਼ਟਾਂਤਾਂ ਦੀ ਇਕ ਲੜੀ ਦਿੱਤੀ ਗਈ ਸੀ, ਜਿਨ੍ਹਾਂ ਵਿੱਚੋਂ ਵਧੇਰੇ ਸਿੱਧੇ ਜਾਂ ਅਸਿੱਧੇ ਤੌਰ ਤੇ ਫ਼ਰੀਸੀਆਂ ਲਈ ਸਨ (ਲੂਕਾ 14:1, 12, 16; 15:1–3; 16:13, 14)। ਯਿਸ਼ੂ ਨੇ ਆਪਣੇ ਚੇਲਿਆਂ ਨੂੰ ਆਮ ਹਦਾਇਤਾਂ ਦੀ ਲੜੀ ਦਿੱਤੀ।

### ਪਾਪ ਪ੍ਰਤੀ ਵਿਹਾਰ: ਚਿੰਤਾ (ਆਇਤਾਂ 1-3ਅ)

ਇਹ ਹਦਾਇਤ ਉਨ੍ਹਾਂ ਤੇ ਜਿਹੜੇ ''ਛੋਟਿਆਂ'' ਲਈ ਠੋਕਰ ਦਾ ਕਾਰਣ ਬਣਦੇ ਹਨ, ਹਾਇ ਨਾਲ ਸ਼ੁਰੂ ਹੋਈ (ਆਇਤਾਂ 1, 2)।[2] ਯਿਸੂ ਨੇ ਕਈ ਵਾਰ ''ਛੋਟਿਆਂ'' ਸ਼ਬਦ ਦੀ ਵਰਤੋਂ ਆਪਣੇ ਚੇਲਿਆਂ ਲਈ ਕੀਤੀ, ਜਿਹੜੇ ਹਾਲੇ ਸਮਝ ਅਤੇ ਪਰਿਪੱਕਤਾ ਵਿਚ ਬੱਚੇ ਸਨ।[3] ਇੱਥੇ ਦੋਸ਼ੀ ਪੱਖ ਫ਼ਰੀਸੀ ਸਨ (16:14), ਪਰ ਨਵਾਂ ਨੇਮ ਦੱਸਦਾ ਹੈ ਕਿ ਸਾਨੂੰ ਦੂਜਿਆਂ ਲਈ ਠੋਕਰ ਦਾ ਕਾਰਣ ਬਣਨ ਤੋਂ ਬਚਣਾ ਚਾਹੀਦਾ ਹੈ (ਵੇਖੋ 1 ਕੁਰਿੰਥੀਆਂ 8:13)। ਮਸੀਹ ਨੇ ਆਪਣੇ ਚੇਲਿਆਂ ਨੂੰ ਚਿਤਾਵਨੀ ਦਿਤੀ ਕਿ ''ਖ਼ਬਰਦਾਰ ਰਹੋ'' (ਲੂਕਾ 17:3ੳ)। ਦੂਜੇ ਸ਼ਬਦਾਂ ਵਿਚ, ''ਇਸ ਪਾਪ ਦੇ ਜਿਸਦੀ ਹੁਣ ਗੱਲ ਹੋ ਰਹੀ ਹੈ, ਦੋਸ਼ੀ ਨਾ ਬਣੋ।''

ਉਸਨੇ ਅੱਗੇ ਕਿਹਾ, ''ਜੇ ਤੇਰਾ ਭਾਈ ਗੁਨਾਹ ਕਰੇ ਤਾਂ ਉਹ ਨੂੰ ਸਮਝਾ'' (ਆਇਤ 3ਅ)। ਇਹ ਸਿੱਖਿਆ ਮਸ਼ਹੂਰ ਨਹੀਂ ਹੈ, ਪਰ ਜ਼ਰੂਰੀ ਹੈ। ਜੇ ਕਿਸੇ ਭਾਈ ਦੀ ਜ਼ਿੰਦਗੀ ਵਿਚ ਪਾਪ ਹੈ ਤਾਂ ਉਸ ਨਾਲ ਉਸਦੀ ਆਤਮਾ ਦੋਸ਼ੀ ਹੋਵੇਗੀ, ਸਾਨੂੰ ਇਸਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਪਿਆਰ ਇਸ ਗੱਲ ਦੀ ਮੰਗ ਕਰਦਾ ਹੈ ਕਿ ਅਸੀਂ ਉਸਦਾ ਸਾਹਮਣਾ ਕਰੀਏ ਅਤੇ ਉਸਨੂੰ ਸੁਧਾਰਨ ਦੀ ਕੋਸ਼ਿਸ਼ ਕਰੀਏ (ਯਾਕੂਬ 5:19, 20)। ਪਰ ''ਨਰਮਾਈ'' (ਗਲਾਤੀਆਂ 6:1) ਅਤੇ ਪ੍ਰੇਮ (ਅਫ਼ਸੀਆਂ 4:15) ਨਾਲ।[4]

### ਪਾਪੀਆਂ ਪ੍ਰਤੀ ਵਿਹਾਰ: ਤਰਸ (ਆਇਤਾਂ 3-6)

ਸਾਨੂੰ ਸਿਰਫ਼ ਸਮਝਾਉਣ ਲਈ ਹੀ ਨਹੀਂ, ਬਲਕਿ ਮਾਫ਼ ਕਰਨ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ (ਆਇਤ 3ੲ)। ਜੇ. ਡਬਲਯੂ. ਮੈਕਗਰਵੇ ਨੇ ਸੁਝਾਅ ਦਿੱਤਾ ਹੈ ਕਿ ਧਾਰਮਿਕਤਾ ਦਾ ਫ਼ਰਜ਼ ਤਾਂ ਝਿੜਕਣਾ ਹੈ, ਪਰ ਪਿਆਰ ਦਾ ਫ਼ਰਜ਼ ਮਾਫ਼ ਕਰਨਾ ਹੈ।[5] ਪ੍ਰਭੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਜੇ ਕੋਈ ਉਨ੍ਹਾਂ ਖ਼ਿਲਾਫ਼ ਇਕ ਦਿਨ ਵਿਚ ਸੱਤ ਵਾਰ ਵੀ ਪਾਪ ਕਰੇ ਤਾਂ ਉਨ੍ਹਾਂ ਨੂੰ ਮਾਫ਼ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ (ਆਇਤ 4)।[6]

ਚੇਲਿਆਂ ਨੂੰ ਇਹ ਔਖਾ ਲੱਗਾ। ਉਹ ਪੁਕਾਰ ਉੱਠੇ, ''ਸਾਡੀ ਨਿਹਚਾ ਵਧਾ'' (ਆਇਤ 5)। ਦੂਜੇ ਸ਼ਬਦਾਂ ਵਿਚ, ''ਸਾਨੂੰ ਉਹ ਵਿਸ਼ਵਾਸ ਦੇ ਜੋ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਜ਼ਰੂਰੀ ਹੈ!''[7] ਯਿਸੂ ਉਨ੍ਹਾਂ ਨੂੰ ਵਿਸ਼ਵਾਸ ਨੂੰ ਵਧਾਉਣ ਦਾ ਤਰੀਕਾ ਦੱਸ ਸਕਦਾ ਸੀ (ਰੋਮੀਆਂ 10:17; ਵੇਖੋ ਯੂਹੰਨਾ 17:20; 20:31)। ਅਸਲ ਵਿਚ ਉਸਦੇ ਉਲਟ ਉਨ੍ਹਾਂ ਨੂੰ ਇਸਦੀ ਸਮਰੱਥਾ ਦੀ ਇਕ ਉਦਾਹਰਣ ਦੇ ਕੇ ਵਿਸ਼ਵਾਸ ਦੇ ਮਹੱਤਵ ਨੂੰ ਸਮਝਣ ਲਈ ਉਨ੍ਹਾਂ ਦੀ ਤਾਰੀਫ਼ ਕੀਤੀ (ਲੂਕਾ 17:6)।[8]

**ਪਾਪ ਦਾ ਨਿਆਂ ਕਰਨ ਵਾਲੇ ਪ੍ਰਤੀ ਵਿਹਾਰ: ਅਫ਼ਸੋਸ (ਆਇਤਾਂ 7-10)**

ਆਮ ਨਿਰਦੇਸ਼ ਇਸ ਚਿਤਾਵਨੀ ਨਾਲ ਖ਼ਤਮ ਹੋਇਆ। ਜੇ ਪਾਪ ਅਤੇ ਪਾਪੀਆਂ ਪ੍ਰਤੀ ਸਹੀ ਵਿਹਾਰ ਰੱਖਣਾ ਹੈ ਤਾਂ ਕਿਸ ਨੂੰ ਕੀ ਕਰਨ ਦੀ ਲੋੜ ਹੁੰਦੀ ਹੈ? ਕੀ ਇਸ ਨਾਲ ਖ਼ੁਦਾ (ਜਿਹੜਾ ਪਾਪੀਆਂ ਦਾ ਨਿਆਂ ਕਰਨ ਵਾਲਾ ਹੈ) ਉਸਨੂੰ ਜਵਾਬਦੇਹ ਹੁੰਦਾ ਹੈ? ਨਹੀਂ। ਫ਼ਰੀਸੀਆਂ ਨੂੰ ਲਗਦਾ ਸੀ ਕਿ ਉਨ੍ਹਾਂ ਦੀ ''ਧਾਰਮਿਕਤਾ'' ਉਨ੍ਹਾਂ ਨੂੰ ਸੁਰਗ ਵਿਚ ਪਹੁੰਚਾ ਦਵੇਗੀ (ਵੇਖੋ ਲੂਕਾ 18:9–12), ਪਰ ਉਨ੍ਹਾਂ ਦੀ ਇਹ ਸੋਚ ਗਲਤ ਸੀ। ਇਸ ਗੱਲ ਤੇ ਜ਼ੋਰ ਦੇਣ ਲਈ ਮਸੀਹ ਨੇ ਇਕ ਗੁਲਾਮ ਦੀ ਗੱਲ ਦੱਸੀ, ਜਿਸ ਨੂੰ ਵੀ ਡਿਊਟੀ ਕਰਦਿਆਂ ਕੋਈ ਖ਼ਾਸ ਪਹਿਚਾਣ ਨਹੀਂ ਮਿਲੀ (ਲੂਕਾ 17:7–9)। ਪ੍ਰਭੂ ਨੇ ਨਿਚੋੜ ਕੱਢਿਆ, ''ਇਸ ਤਰ੍ਹਾਂ ਤੁਸੀਂ ਵੀ ਜਾਂ ਓਹ ਸਾਰੇ ਕੰਮ ਜਿਨ੍ਹਾਂ ਦਾ ਤੁਹਾਨੂੰ ਹੁਕਮ ਦਿੱਤਾ ਗਿਆ ਪੂਰੇ ਕਰ ਚੁੱਕੇ ਹਾਂ ਤਾਂ ਕਹੋ ਕਿ ਭਈ ਅਸੀਂ ਨਿਕੰਮੇ ਦਾਸ ਹਾਂ, ਜੋ ਕੁਝ ਸਾਨੂੰ ਕਰਨਾ ਜ਼ਰੂਰੀ ਸੀ ਅਸਾਂ ਉਹੀ ਕੀਤਾ'' (ਆਇਤ 10)।

ਸਾਡੇ ਵਿੱਚੋਂ ਕਿਸੇ ਨੇ ਵੀ ''ਓਹ ਸਾਰੇ ਕੰਮ ਜਿਨ੍ਹਾਂ ਦਾ ਹੁਕਮ ਦਿੱਤਾ ਗਿਆ'' ਨਾ ਤਾਂ ਕਦੀ ਪੂਰੇ ਕੀਤੇ ਹਨ ਅਤੇ ਨਾ ਕਰਾਂਗੇ (ਵੇਖੋ ਰੋਮੀਆਂ 3:10; ਜ਼ਬੂਰ 143:2)। ਜੇ ਕਰ ਵੀ ਸਕੀਏ ਤਾਂ *ਵੀ* ਅਸੀਂ ''ਨਿਕੰਮੇ ਦਾਸ'' *ਹੀ ਹੁੰਦੇ* ਹਾਂ। ਲੂਕਾ 17:10 ਖ਼ੁਦਾ ਦੇ ਰਹਿਮ ਅਤੇ ਕਿਰਪਾ ਦੀ ਲੋੜ ਦੀ ਪੁਕਾਰ ਕਰਦਾ ਹੈ।

## ਯਿਸੂ ਪ੍ਰਤੀ ਆਪਣੇ ਵਿਹਾਰ ਨੂੰ ਬਦਲੋ (ਯੂਹੰਨਾ 11:1-54)

ਪਿਰੀਆ ਵਿਚ ਯਿਸੂ ਦੀ ਸੇਵਕਾਈ ਬੈਤਅਨੀਆ, ਜੋ ਯਰੂਸ਼ਲਮ ਦੇ ਨੇੜੇ ਹੀ ਸੀ (ਆਇਤ 18) ਤੋਂ ਆਏ ਇਕ ਜ਼ਰੂਰੀ ਸੰਦੇਸ਼ ਦੇ ਕਾਰਨ ਰੁਕ ਗਈ (ਆਇਤ 1)। ਮਸੀਹ ਦੀ ਦੋਸਤ ਮਰੀਅਮ ਅਤੇ ਮਾਰਥਾ[9] ਨੇ ਸੁਨੇਹਾ ਘੱਲਿਆ ਕਿ ਉਨ੍ਹਾਂ ਦਾ ਭਰਾ ਲਾਜ਼ਰ ਬੀਮਾਰ ਹੈ (ਆਇਤ 3)। ਹੈਰਾਨੀ ਦੀ ਗੱਲ ਹੈ ਕਿ ਯਿਸੂ ਉਸ ਸੁਨੇਹੇ ਦਾ ਜਵਾਬ ਦੇਣ ਤੋਂ ਪਹਿਲਾਂ ਦੋ ਦਿਨ ਉੱਥੇ ਰੁਕਿਆ ਰਿਹਾ (ਆਇਤ 6)। ਯੂਹੰਨਾ ਨੇ ਜ਼ੋਰ ਦਿੱਤਾ ਕਿ ਇਹ ਰੁਕਣਾ ਬੇਪਰਵਾਹੀ ਦੇ ਕਾਰਣ ਨਹੀਂ ਸੀ, ਕਿਉਂਕਿ ਮਸੀਹ ਇਸ ਆਦਮੀ ਨਾਲ ਅਤੇ ਉਸ ਦੀਆਂ ਭੈਣਾਂ ਨਾਲ ਪਿਆਰ ਕਰਦਾ ਸੀ (ਆਇਤ 5)। ਨਾ ਹੀ ਇਹ ਰੁਕਣਾ ਇਹ ਯਕੀਨੀ ਬਣਾਉਣ ਲਈ ਸੀ ਕਿ ਯਿਸੂ ਦੇ ਬੈਤਅਨੀਆ ਵਿਚ ਪਹੁੰਚਣ ਤੋਂ ਪਹਿਲਾਂ–ਪਹਿਲਾਂ ਲਾਜ਼ਰ ਮਰ ਜਾਵੇ। ਇਸ ਤੱਥ ਤੇ ਵਿਚਾਰ ਕਰਦੇ ਹੋਏ ਕਿ ਅਖ਼ੀਰ ਵਿਚ ਜਦ ਮਸੀਹ ਬੈਤਅਨੀਆ ਵਿਚ ਪਹੁੰਚਿਆ ਤਾਂ ਲਾਜ਼ਰ ਨੂੰ ਮਰੇ ਹੋਏ ਚਾਰ ਦਿਨ ਹੋ ਚੁੱਕੇ ਸਨ (ਆਇਤ 17, 39), ਜੇ ਯਿਸੂ ਸੁਨੇਹਾ ਮਿਲਦੇ ਸਾਰ ਚੱਲ ਪੈਂਦਾ, ਤਾਂ ਵੀ ਕੋਈ ਅਜਿਹਾ ਮਨੁੱਖੀ ਸਾਧਨ ਨਹੀਂ ਸੀ, ਜਿਸ ਨਾਲ ਉਹ ਆਪਣੇ ਦੋਸਤ ਦੇ ਮਰਨ ਤੋਂ ਪਹਿਲਾਂ ਉੱਥੇ ਪਹੁੰਚ ਜਾਂਦਾ।[10] ਸ਼ਾਇਦ ਦੋ ਦਿਨ ਦੀ ਦੇਰੀ ਕਿਸੇ ਦੇ ਮਨ ਵਿਚ ਇਹ ਸ਼ੱਕ ਨਾ ਰਹਿਣ ਦੇਣ ਲਈ ਕੀਤੀ ਗਈ ਸੀ ਕਿ ਲਾਜ਼ਰ *ਸਚਮੁਚ* ਮਰਿਆ ਸੀ (ਆਇਤ 39)। ਉਸ ਨੇ ਬੇਹੋਸ਼ੀ ਤੋਂ ਜਾਗਣਾ ਨਹੀਂ, ਬਲਕਿ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ ਜਾਣਾ ਸੀ।

ਦੇਰੀ ਦਾ ਕਾਰਣ ਜੋ ਵੀ ਹੋਵੇ, ਖ਼ੁਦਾ ਦੀਆਂ ਯੋਜਨਾਵਾਂ ਅਤੇ ਮਕਸਦ ਕਿਸੇ ਵੀ ਤਰਕਸੰਗਤ ਸ਼ੱਕ ਤੋਂ ਦੂਰ ਇਸ ਦੁਖਾਂਤ ਦੀ ਵਰਤੋਂ ਇਹ ਸਾਬਤ ਕਰਨ ਲਈ ਸੀ ਕਿ ਯਿਸੂ ਉਸ ਦਾ ਪੁੱਤਰ ਹੈ (ਆਇਤਾਂ 4, 15, 42)। ਕਹਾਣੀ ਨੂੰ ਪੜ੍ਹਦੇ ਹੋਏ, ''ਤਦ'' ਅਤੇ ''ਜਦ'' ਸ਼ਬਦਾਂ ਤੇ ਗੌਰ ਕਰੋ (ਆਇਤਾਂ 16, 20, 32, 33, 45)। ਇਹ ਸ਼ਬਦ ਨਾ ਸਿਰਫ਼ ਘਟਨਾਵਾਂ ਦੀ ਲੜੀ ਬਣਾਉਂਦੇ ਹਨ, ਬਲਕਿ ਇਹ ਵੀ ਜ਼ੋਰ ਦਿੰਦੇ ਹਨ ਕਿ ਜੋ ਕੁਝ ਹੋਇਆ, ਉਸਦਾ ਕੋਈ ਕਾਰਣ ਸੀ। ਇਸ ਵਿਚ ਇਲਾਹੀ ਮਕਸਦ ਪੂਰਾ ਕੀਤਾ ਜਾ ਰਿਹਾ ਸੀ।

ਲਾਜ਼ਰ ਦਾ ਜੀ ਉੱਠਣਾ ''ਮਸੀਹ ਦੀ ਸੇਵਕਾਈ ਦੇ ਚੋਟੀ ਦਾ ਮੋਅਜਜ਼ਾ'' ਮੰਨਿਆ ਜਾਂਦਾ ਹੈ।[11] ਅਸੀਂ ਪਹਿਲੇ ਦੋ ਵਿਰਤਾਂਤਾਂ ਦਾ ਅਧਿਐਨ ਕੀਤਾ ਹੈ, ਜਿਨ੍ਹਾਂ ਵਿਚ ਯਿਸੂ ਨੇ ਨਾਇਨ ਦੀ ਵਿਧਵਾ ਦੇ

ਪੁੱਤਰ (ਲੂਕਾ 7:11–17) ਅਤੇ ਜੈਰੁਸ ਦੀ ਧੀ (ਮਰਕੁਸ 5:22–24, 35–43) ਨੂੰ ਜ਼ਿੰਦਾ ਕੀਤਾ ਸੀ, ਪਰ ਲੇਖਕਾਂ ਨੇ ਉਨ੍ਹਾਂ ਘਟਨਾਵਾ ਨੂੰ ਦੱਸਣ ਲਈ ਸ਼ਬਦਾਂ ਦੀ ਕੰਜੂਸੀ ਕੀਤੀ ਹੈ। ਲਾਜ਼ਰ ਦੇ ਜੀ ਉੱਠਣ ਅਤੇ ਬਾਅਦ ਦੀ ਘਟਨਾ ਲਈ ਪੂਰਾ ਇਕ ਅਧਿਆਇ ਦਿੱਤਾ ਗਿਆ ਹੈ। ਇਹ ਜੀ ਉੱਠਣਾ ਫ਼ਰਕ ਸੀ। ਕਿਉਂਕਿ ਇਹ ਗਲੀਲ ਵਿਚ ਨਹੀਂ, ਬਲਕਿ ਯਿਸੂ ਦੇ ਵੈਰੀਆਂ ਤੋਂ ਲਾਂਭੇ ਹੋਇਆ ਸੀ। ਇਹ ਇਕ ਅਜਿਹਾ ਮੋਅਜਜ਼ਾ ਹੋਣਾ ਸੀ, ਜਿਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਸੀ (ਯੂਹੰਨਾ 11:47), ਅਜਿਹਾ ਮੋਅਜਜ਼ਾ ਜਿਸ ਨਾਲ ਪੂਰਾ ਇਲਾਕਾ ਹੱਕਾ–ਬੱਕਾ ਰਹਿ ਗਿਆ (ਯੂਹੰਨਾ 12:9), ਅਤੇ ਅਜਿਹਾ ਮੋਅਜਜ਼ਾ ਕਿ ਯਿਸੂ ਦੇ ਵੈਰੀਆਂ ਨੂੰ ਵੀ ਯਕੀਨ ਹੋ ਗਿਆ (ਯੂਹੰਨਾ 11:45; 12:11)। ਇਹ ਖ਼ਾਸ ਘਟਨਾ ਸੀ, ਜਿਸ ਨਾਲ ਮਸੀਹ ਦੀ ਮੌਤ ਤੇ ਮੋਹਰ ਲਗ ਗਈ (ਯੂਹੰਨਾ 11:47–53)।

**ਇਕ ਭੈਣ ਦਾ ਵਿਹਾਰ: ਮਸੀਹ ਤੇ ਭਰੋਸਾ ਰੱਖਿਆ ਜਾਵੇ (ਆਇਤਾਂ 17-46)**

ਸੁਨੇਹਾ ਮਿਲਣ ਦੇ ਦੋ ਦਿਨਾਂ ਬਾਅਦ ਯਿਸੂ ਨੇ ਯਹੂਦੀਆ ਵਿਚ ਪਰਤਣ ਦੀ ਆਪਣੀ ਇੱਛਾ ਦੱਸੀ (11:7)।[12] ਉਸਦੇ ਚੇਲਿਆਂ ਨੇ ਉਸ ਨੂੰ ਉੱਥੇ ਜਾਣ ਦਾ ਖ਼ਤਰਾ ਚੇਤੇ ਕਰਵਾਇਆ (11:8; ਵੇਖੋ 10:31, 39)। ਜਦ ਉਹ ਪ੍ਰਭੂ ਨੂੰ ਰੋਕ ਨਾ ਸਕੇ, ਤਾਂ ਉਨ੍ਹਾਂ ਉਸਦੇ ਨਾਲ ਜਾਣ ਦਾ ਫੈਸਲਾ ਲਿਆ, ਬੇਸ਼ੱਕ ਉਨ੍ਹਾਂ ਨੂੰ ਜਾਪਿਆ ਕਿ ਉਹ ਮਰਨ ਜਾ ਰਹੇ ਹਨ (11:16)।[13]

ਜਦ ਮਸੀਹ ਬੈਤਅਨੀਆ ਦੇ ਬਾਹਰੀ ਇਲਾਕੇ ਵਿਚ ਪਹੁੰਚਿਆ (ਆਇਤ 30), ਤਾਂ ਮਾਰਥਾ ਉਸਨੂੰ ਮਿਲਣ ਲਈ ਆਈ (ਆਇਤ 20)। ਉਸਨੂੰ ਵੇਖ ਕੇ ਉਸਦੇ ਸ਼ਬਦਾਂ ਵਿਚ ਆਮ ਤੌਰ ਤੇ ਉਸਦੀ ਸ਼ਕਤੀ ਵਿਚ ਉਸਦਾ ਵਿਸ਼ਵਾਸ ਅਤੇ ਖ਼ਾਸ ਚੰਗਿਆਈ ਦੇਣ ਦੀ ਸਮਰੱਥਾ ਵਿਚ ਉਸਦਾ ਯਕੀਨ ਵਿਖਾਈ ਦਿੱਤਾ (ਆਇਤਾਂ 21, 22)। ਉਸਨੂੰ ਬੇਸ਼ੱਕ ਆਪਣੇ ਭਰਾ ਨੂੰ ਜ਼ਿੰਦਾ ਕਰਨ ਦੀ ਪ੍ਰਭੂ ਦੀ ਮੰਸ਼ਾ ਦੀ ਕੋਈ ਕਮੀ ਨਹੀਂ ਸੀ (ਆਇਤਾਂ 24, 39)। ਮਾਰਥਾ ਅਤੇ ਯਿਸੂ ਦਰਮਿਆਨ ਹੋਈ ਗੱਲਬਾਤ ਵਿਚ ਦੋ ਯਾਦਗਾਰੀ ਗੱਲਾਂ ਹਨ।

- ਇਕ ਠੋਸ ਕਥਨ: ਯਿਸੂ ਨੇ ਉਸਨੂੰ ਕਿਹਾ, ‘‘ਕਿਆਮਤ ਅਤੇ ਜੀਉਣ ਮੈਂ ਹਾਂ। ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਜਾਵੇ ਤਾਂ ਵੀ ਜੀਵੇਗਾ,[14] ਅਤੇ ਹਰ ਕੋਈ ਜਿਹੜਾ ਜੀਉਂਦਾ ਹੈ ਅਰ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਪਕਾਲ ਤੀਕੁਰ ਕਦੇ ਨਾ ਮਰੇਗਾ ...’’[15] (ਆਇਤਾਂ 25, 26)। ਇਹ ਪ੍ਰਭੂ ਦਾ ਇਕ ਹੋਰ ‘‘ਮੈਂ ਹਾਂ’’ ਕਥਨ ਹੈ।[16] ਅਜਿਹਾ ਕਥਨ ਢੀਠਪੁਣੇ ਦਾ ਸਿਖਰ ਹੋਵੇਗਾ, ਜੇ ਯਿਸੂ ਉਹ ਅਰਥਾਤ ਖ਼ੁਦਾ ਦਾ ਰੱਬੀ ਪੁੱਤਰ ਨਹੀਂ ਸੀ, ਜੋ ਹੋਣ ਉਸਨੇ ਦਾਅਵਾ ਕੀਤਾ ਸੀ।
- ਵਿਸ਼ਵਾਸ ਦੀ ਤਸਦੀਕ: ਉਸਨੇ ਉਸਨੂੰ ਕਿਹਾ, ‘‘... ਮੈਂ ਪਰਤੀਤ ਕੀਤੀ ਹੈ ਜੋ ਤੂੰ ਹੀ ਮਸੀਹ ਹੈਂ ਪਰਮੇਸ਼ੁਰ ਦਾ ਪੁੱਤਰ ਜਿਹੜਾ ਜਗਤ ਵਿਚ ਆਉਣ ਵਾਲਾ ਸੀ’’ (ਆਇਤ 27)। ਮਾਰਥਾ ਦਾ ਤਿਹਰਾ ਇਕਰਾਰ ਯਿਸੂ ਦੇ ਉਹ ਹੋਣ ਦੀ ਵਿਲੱਖਣ ਸਮਝ ਨੂੰ ਦਰਸਾਉਂਦਾ ਹੈ। ਇਸ ਇਕਰਾਰ ਨੂੰ ਕੈਸਰੀਆ ਫ਼ਿਲਿੱਪੀ ਵਿਚ ਕੀਤੇ ਗਏ ਪਤਰਸ ਦੇ ਇਕਰਾਰ ਨਾਲ ਮਿਲਾਉਣਾ ਸਹੀ ਹੋਵੇਗਾ (ਮੱਤੀ 16:16)।

ਮਾਰਥਾ ਅਤੇ ਯਿਸੂ ਨਾਲ ਮਰੀਅਮ ਦੇ ਮਿਲਣ ਤੋਂ ਬਾਅਦ, ਉਹ ਅਤੇ ਸੋਗ ਕਰਨ ਵਾਲਿਆਂ ਦੀ ਭੀੜ ਕਬਰ ਵੱਲ ਚਲੀ ਗਈ, ਜਿੱਥੇ ਲਾਜ਼ਰ ਨੂੰ ਰੱਖਿਆ ਗਿਆ ਸੀ। ਡੁਲਦੇ ਅੱਥਰੂ ਵੇਖ ਕੇ ਮਸੀਹ, ‘‘ਆਤਮਾ ਵਿਚ ਕਲਪਿਆ ਅਤੇ ਘਬਰਾਇਆ’’[17] (ਯੂਹੰਨਾ 11:33)। ਫਿਰ ਉਹ ਸ਼ਬਦ ਆਏ, ਜਿਨ੍ਹਾਂ ਤੋਂ ਸਾਡੇ ਵਿੱਚੋਂ ਬਹੁਤੇ ਲੋਕ ਵਾਕਫ਼ ਹਨ:[18] ‘‘ਯਿਸੂ ਰੋਇਆ’’ (ਆਇਤ 35)। ਕੋਲ

ਖਲੋਤੇ ਲੋਕਾਂ ਨੂੰ ਲੱਗਾ ਕਿ ਉਹ ਇਸ ਲਈ ਕੁਰਲਾਇਆ, ਕਿਉਂਕਿ ਉਸਦਾ ਦੋਸਤ ਖੁੱਸ ਗਿਆ ਸੀ (ਆਇਤ 36), ਪਰ ਜਾਪਦਾ ਨਹੀਂ ਹੈ, ਕਿਉਂਕਿ ਕੁਝ ਹੀ ਪਲਾਂ ਵਿਚ ਉਸਨੇ ਲਾਜ਼ਰ ਨੂੰ ਫੇਰ ਮਿਲਣਾ ਸੀ। ਜ਼ਾਹਿਰ ਹੈ ਕਿ ਉਹ ਇਸ ਲਈ ਰੋਇਆ, ਕਿਉਂਕਿ ਉਸਦੀ ਅਜ਼ੀਜ਼ਾ ਮਰੀਅਮ ਅਤੇ ਮਾਰਥਾ ਕੁਰਲਾ ਰਹੀਆਂ ਸਨ; ਸ਼ਾਇਦ ਉਨ੍ਹਾਂ ਪ੍ਰਤੀ ਹਮਦਰਦੀ ਦੇ ਕਾਰਣ ਉਸਦੇ ਅੱਥਰੂ ਨਿੱਕਲ ਆਏ।[19] ਅੱਜ ਵੀ ਅਸੀਂ ਉਸਨੂੰ ਵੇਖ ਸਕਦੇ ਹਾਂ, ਉਹ ''ਸਾਡੀਆਂ ਦੁਰਬਲਤਾਈਆਂ ਵਿਚ ਸਾਡਾ ਦਰਦੀ'' ਹੋ ਸਕਦਾ ਹੈ (ਇਬਰਾਨੀਆਂ 4:15)।

ਮਸੀਹ ਨੇ ਕਬਰ ਅੱਗੋਂ ਪੱਥਰ ਨੂੰ ਹਟਵਾ ਦਿੱਤਾ (ਯੂਹੰਨਾ 11:38, 39)।[20] ਖ਼ੁਦਾ ਅੱਗੇ ਦੁਆ ਕਰਨ ਤੋਂ ਬਾਅਦ (ਆਇਤਾਂ 41, 42), ਉਸਨੇ ''ਇਹ ਕਹਿ ਕੇ ਉੱਚੀ ਅਵਾਜ਼ ਮਾਰੀ ਕਿ ਲਾਜ਼ਰ, ਬਾਹਰ ਆ'' (ਆਇਤ 43)। ਮੈਕਗਰਵੇ ਨੇ ਲਿਖਿਆ ਹੈ, ''ਇਹ ਬੜੇ ਅਨੰਦ ਨਾਲ ਕਿਹਾ ਜਾਂਦਾ ਹੈ ਕਿ ਉਸਨੇ ਲਾਜ਼ਰ ਨੂੰ ਨਾਂਅ ਲੈ ਕੇ ਪੁਕਾਰਿਆ, ਨਹੀਂ ਤਾਂ ਸਾਰੇ ਮੁਰਦੇ ਜੀ ਉੱਠਦੇ।''[21] ਕੀ ਤੁਸੀਂ ਭੀੜ ਦੀ ਹੈਰਾਨੀ ਦੇ ਅਤੇ ਮਰੀਅਮ ਅਤੇ ਮਾਰਥਾ ਦੇ ਅਨੰਦ ਦੀ ਕਲਪਨਾ ਕਰ ਸਕਦੇ ਹੋ, ਜਦ ਲਾਜ਼ਰ ''... ਕਫ਼ਨ ਨਾਲ ਹੱਥ ਪੈਰ ਬੱਧੇ ਬਾਹਰ ਨਿੱਕਲ ਆਇਆ ਅਰ ਉਹ ਦੇ ਮੂੰਹ ਉੱਤੇ ਰੁਮਾਲ ਵਲ੍ਹੇਟਿਆ ਹੋਇਆ ਸੀ ...'' (ਆਇਤ 44)?

ਇਸ ਯਾਦਗਾਰ ਘਟਨਾ ਨੂੰ ਵੇਖਣ ਵਾਲੇ ਉਹ ਲੋਕ ਸਨ, ਜਿਨ੍ਹਾਂ ਨੂੰ ਯੂਹੰਨਾ ਨੇ ''ਯਹੂਦੀ'' ਕਿਹਾ (ਆਇਤਾਂ 19, 31, 33)। ਆਪਣੇ ਵੇਰਵੇ ਦੇ ਇਸ ਭਾਗ ਵਿਚ, ਯੂਹੰਨਾ ਨੇ ਆਮ ਤੌਰ ਤੇ ਇਸ ਵਾਕ ਦੀ ਵਰਤੋਂ ਯਹੂਦੀ ਆਗੂਆਂ ਲਈ ਕੀਤੀ ਅਤੇ ਇੱਥੇ ਵੀ ਇਵੇਂ ਹੀ ਲਗਦਾ ਹੈ।[22] ਇਸ ਤੱਥ ਤੋਂ ਕਿ ਅਜਿਹੇ ਲੋਕ ਮਰੀਅਮ ਅਤੇ ਮਾਰਥਾ ਨਾਲ ਹਮਦਰਦੀ ਲਈ ਬੈਤਅਨੀਆ ਵਿਚ ਜਾ ਸਕੇ, ਸੁਝਾਅ ਮਿਲਦਾ ਹੈ ਕਿ ਸਮਾਜ ਵਿਚ ਇਸ ਪਰਿਵਾਰ ਦਾ ਸਤਿਕਾਰ ਸੀ। ਇਸ ਲਈ ਲਾਜ਼ਰ ਦੇ ਜ਼ਿੰਦਾ ਕੀਤੇ ਜਾਣ ਨਾਲ ਉਸ ਇਲਾਕੇ ਵਿਚ ਪ੍ਰਭਾਵ ਵਧਣ ਲੱਗਾ ਸੀ (ਯੂਹੰਨਾ 12:9–11)।

ਉਹ ''ਯਹੂਦੀ'' ਜਿਹੜੇ ਵੀ ਸਨ, ਉਨ੍ਹਾਂ ਵਿੱਚੋਂ ਕੁਝ ਲੋਕ ਨਿਸ਼ਕਪਟ ਮਨ ਵਾਲੇ ਸਨ ਅਤੇ ਹੈਰਾਨ ਕਰਨ ਵਾਲੇ ਮੋਅਜਜ਼ੇ ਨੂੰ ਵੇਖ ਕੇ ਯਕੀਨ ਕਰਨ ਲੱਗ ਪਏ ਸਨ (11:45)। ਉਨ੍ਹਾਂ ਵਿੱਚੋਂ ਕੁਝ ਲੋਕਾਂ ਨੇ ਯਰੂਸ਼ਲਮ ਵਿਚ ਫ਼ਰੀਸੀਆਂ ਕੋਲ ਜਾ ਕੇ ਉਹ ਕੰਮ ਜਿਹੜੇ ਯਿਸੂ ਨੇ ਕੀਤੇ ਸਨ ਦੱਸ ਦਿੱਤੇ (ਆਇਤ 46)।

**ਮਹਾਂਸਭਾ ਦਾ ਵਿਹਾਰ: ਮੁਕਾਬਲੇ ਤੋਂ ਖਹਿੜਾ ਛੁਡਾਉਣਾ (ਆਇਤਾਂ 47-54)**

ਮਹਾਂਸਭਾ ਦੀ ਖ਼ਾਸ ਸਭਾ ਬੁਲਾਈ ਗਈ (ਆਇਤਾਂ 47)। [23] ਬਹੁਤੀ ਦੇਰ ਨਹੀਂ ਹੋਈ ਸੀ ਜਦ ਮਸੀਹ ਨੇ ਉਨ੍ਹਾਂ ਦੀ ਗੱਲ ਕੀਤੀ ਸੀ ਜਿਹੜੇ ''ਮੁਰਦਿਆ ਵਿੱਚੋਂ ਵੀ ਕੋਈ ਜੀ ਉੱਠੇ ਪਰ ਉਹ ਨਾ ਮੰਨਣਗੇ'' (ਲੂਕਾ 16:31)। ਲਾਜ਼ਰ ਦੇ ਜੀ ਉੱਠਣ ਨਾਲ ਸਖ਼ਤ ਦਿਲ ਆਗੂਆਂ ਨੂੰ ਯਕੀਨ ਨਹੀਂ ਹੋਇਆ, ਪਰ ਉਹ ਡਰ ਗਏ।

ਸਭਾ ਦੀ ਚਿੰਤਾ ਇਹ ਪਤਾ ਲਾਉਣ ਵਿਚ ਨਹੀਂ ਸੀ ਕਿ ਮੋਅਜਜ਼ਾ ਹੋਇਆ ਹੈ[24] ਜਾਂ ਇਹ ਜਾਣਨਾ ਨਹੀਂ ਸੀ ਕਿ ਯਿਸੂ ਸਚਮੁਚ ਉਹੀ ਸੀ, ਜੋ ਹੋਣ ਦਾ ਉਹ ਦਾਅਵਾ ਕਰਦਾ ਸੀ, ਬਲਕਿ ਉਨ੍ਹਾਂ ਦੀ ਚਿੰਤਾ ਆਪਣੇ ਕੰਮਾਂ ਅਤੇ ਆਪਣੇ ਅਹੁਦਿਆਂ ਲਈ ਸੀ (ਵੇਖੋ ਆਇਤ 48) ਕਿ ਜੇ ਯਿਸੂ ਨਾ ਰੁਕਿਆ ਤਾਂ ਛੇਤੀ ਹੀ ਪੂਰੇ ਦੇਸ਼ ਵਿਚ ਧੜਥੱਲ ਮਚ ਜਾਵੇਗਾ। ਇਸ ਨਾਲ ਰੋਮੀਆਂ ਨੂੰ ਦੇਸ਼ ਤੇ ਹੋਰ ਪਾਬੰਦੀਆਂ ਨੂੰ ਲਾਉਣ ਦਾ ਮੌਕਾ ਮਿਲ ਸਕਦਾ ਸੀ ਅਤੇ ਅਜਿਹਾ ਹੋਣ ਤੇ (ਭਿਆਨਕ ਤੋਂ ਵੀ ਭਿਆਨਕ) ਉਨ੍ਹਾਂ ਦੀ ਸੱਤਾ ਉਨ੍ਹਾਂ ਦੇ ਹੱਥੋਂ ਜਾਂਦੀ ਰਹਿਣੀ ਸੀ।

ਉਨ੍ਹਾਂ ਨੇ ਆਪਣੀ ਮੁਸ਼ਕਿਲ ਦਾ ਸਿਰਫ਼ ਇਹੀ ਹੱਲ ਵੇਖਿਆ ਕਿ ਯਿਸੂ ਨੂੰ ਮਾਰ ਦਿੱਤਾ ਜਾਵੇ। ਮਹਾਂ ਯਾਜਕ ਕਯਾਫ਼ਾ[25] ਨੇ ਸਭਾ ਨੂੰ ਦੱਸਿਆ ''ਤੁਹਾਡੇ ਲਈ ਇਹੋ ਚੰਗਾ ਹੈ ਜੋ ਇਕ ਮਨੁੱਖ ਲੋਕਾਂ

ਦੇ ਬਦਲੇ ਮਰੇ, ਨਾ ਕਿ ਸਾਰੀ ਕੌਮ ਦਾ ਨਾਸ ਹੋਵੇ'' (ਆਇਤ 50)।

ਜਿਸ ਤਰ੍ਹਾਂ ਕਯਾਫ਼ਾ ਦਾ ਇਸ਼ਾਰਾ ਸੀ, ਇਨ੍ਹਾਂ ਸ਼ਬਦਾਂ ਦਾ ਅਰਥ ਸੀ ਕਿ ਖ਼ਾਸ ਵਰਗ ਦੇ ਯਹੂਦੀਆਂ ਨੂੰ ਰੋਮੀ ਅਹੁਦਿਆਂ ਤੇ ਇਖ਼ਤਿਆਰ ਦੀ ਥਾਂ ਬਰਕਰਾਰ ਰੱਖਣ ਲਈ ਯਿਸੂ ਦੀ ਮੌਤ ਜ਼ਰੂਰੀ ਸੀ। ਪਰ ਯੂਹੰਨਾ ਨੇ ਸਮੀਖਿਆ ਕੀਤੀ ਕਿ ਕਯਾਫ਼ਾ ਦੇ ਮਹਾਂਯਾਜਕ ਦੇ ਅਹੁਦੇ ਦੇ ਕਾਰਣ ਖ਼ੁਦਾ ਉਸਦੇ ਦਾਰਸ਼ਨਿਕ ਸਿਧਾਂਤ ਦੀ ਵਰਤੋਂ ਕੁੱਲ ਮਿਲਾ ਕੇ ਕਿਸੇ ਵੱਖਰੇ ਮਕਸਦ ਲਈ ਕਰ ਰਿਹਾ ਸੀ। ''ਅਣਜਾਣੇ ਵਿਚ ਮਹਾਂਯਾਜਕ ਨੇ ਇਸਰਾਏਲ ਅਤੇ ਸਭ ਗੈਰ ਕੌਮਾਂ ਲਈ ਮਸੀਹ ਦੀ ਬਦਲਵੀਂ ਮੌਤ ਦੀ ਨਬੂਵਤ ਕੀਤੀ। ...''[26]

''ਸੋ ਉਨ੍ਹਾਂ ਨੇ ਉਸੇ ਦਿਨ ਤੋਂ ਮਤਾ ਪਕਾਇਆ ਭਈ ਉਸ ਨੂੰ ਜਾਨੋਂ ਮਾਰਨ'' (ਆਇਤ 53; 11:57 ਵੀ ਵੇਖੋ)। ਇਕ ਸਮੇਂ ਲੋਕ ਯਿਸੂ ਨੂੰ ਮਾਰ ਦੇਣਾ ਚਾਹੁੰਦੇ ਸਨ (ਵੇਖੋ ਯੂਹੰਨਾ 5:18; 7:1), ਪਰ ਇਹ ਉਸ ਉਸ ਨਾਲੋਂ ਫ਼ਰਕ ਸੀ। ਪਿਛਲੇ ਹਮਲੇ ਛੋਟੇ ਮੋਟੇ ਹੁੰਦੇ ਸਨ, ਪਰ ਇਸ ਵਾਰ ਮਸੀਹ ਦੇ ਵੈਰੀਆਂ ਨੇ ਉਸ ਨੂੰ ਮਾਰ ਕੇ ਹੀ ਚੈਨ ਲੈਣਾ ਸੀ। ਯਿਸੂ ਦੇ ਮਾਰਨ ਦੀਆਂ ਪਿਛਲੀਆਂ ਕੋਸ਼ਿਸ਼ਾਂ ਨਿੱਜੀ ਅਤੇ ਅਣ ਅਧਿਕਾਰਤ ਸਨ; ਪਰ ਇਸਦੇ ਬਾਅਦ ਦੀਆਂ ਕੋਸ਼ਿਸ਼ਾਂ ਸਭਾ ਦੇ ਆਗੂਆਂ ਦੀ ਸਮਰਥਾ ਨਾਲ ਸਨ।

ਤਾਂ ਵੀ, ਸਭ ਤੋਂ ਮਹੱਤਵਪੂਰਣ ਫ਼ਰਕ ਬਿਲਕੁਲ ਸਪੱਸ਼ਟ ਨਹੀਂ ਹੈ। ਪਹਿਲਾਂ *ਫ਼ਰੀਸੀ* ਮਸੀਹ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਵਿਚ ਅਗਵਾਈ ਕਰਨ ਵਾਲੇ ਸਨ (ਮਰਕੁਸ 3:6), ਪਰ ਮਹਾਂਸਭਾ ਵਿਚ ਸਦੂਕੀਆਂ ਦੀ ਗਿਣਤੀ ਵੱਧ ਸੀ।[27] ਸਦੂਕੀ ਜੀ ਉੱਠਣ ਵਿਚ ਯਕੀਨ ਨਹੀਂ ਰੱਖਦੇ ਸਨ (ਮੱਤੀ 22:23) ਅਤੇ ਇਸੇ ਲਈ ਉਹ ਲਾਜ਼ਰ ਦੇ ਜੀ ਉੱਠਣ ਦੀ ਖ਼ਬਰ ਤੋਂ ਪਰੇਸ਼ਾਨ ਸਨ। ਇਸਦੇ ਬਾਅਦ, ਯਿਸੂ ਦੀ ਮੌਤ ਦੀ ਯੋਜਨਾ ਵਿਚ ਅਗਵਾਈ ਕਰਨ ਵਾਲੇ *ਸਦੂਕੀ* ਹੀ ਸਨ। ਉਨ੍ਹਾਂ ਦੀ ਸਿਆਸੀ ਪਹੁੰਚ ਸੀ, ਜੋ ਫ਼ਰੀਸੀਆਂ ਦੀ ਨਹੀਂ ਸੀ।

ਇਕ ਵਾਰ ਫੇਰ, ਯਿਸੂ ਯਰੂਸ਼ਲਮ ਦੇ ਆਮ ਇਲਾਕੇ ਵਿੱਚੋਂ ਦੀ ਨਿੱਕਲ ਗਿਆ। ਉਹ ਅਤੇ ਉਸਦੇ ਚੇਲੇ ਯਹੂਦੀਆ ਦੇ ਉਜਾੜ ਦੇ ਨੇੜੇ ਇਫ਼ਰਾਈਮ ਵਿਚ ਚਲੇ ਗਏ (ਆਇਤ 54)। ਬਹੁਤ ਸਾਰੇ ਲੇਖਕਾਂ ਦਾ ਵਿਚਾਰ ਹੈ ਕਿ ਛੋਟਾ ਜਿਹਾ ਕਸਬਾ ਯਰਦਨ ਘਾਟੀ ਵਿਚ ਜਾਣ ਵਾਲੇ ਨਾਲੇ ਦੇ ਕੋਲ ਯਹੂਦੀਆਂ ਦੇ ਉੱਤਰ ਪੂਰਬ ਵਿਚ ਸੀ।[28]

## ਬਰਕਤਾਂ ਪ੍ਰਤੀ ਆਪਣੇ ਵਿਹਾਰ ਨੂੰ ਬਦਲੋ (ਲੂਕਾ 17:11-19; ਯੂਹੰਨਾ 11:55)

ਅਸੀਂ ਨਹੀਂ ਜਾਣਦੇ ਕਿ ਯਿਸੂ ਇਫ਼ਰਾਈਮ ਵਿਚ ਕਿੰਨੀ ਦੇਰ ਰੁਕਿਆ। ਇਕ ਸਮੇਂ, ਉਹ ਅਤੇ ਉਸਦੇ ਰਸੂਲ ਉੱਤਰ ਦੀ ਵੱਲ ਗਏ। ਲੂਕਾ ਮੁਤਾਬਿਕ ''ਉਹ ਯਰੂਸ਼ਲਮ ਨੂੰ ਚਲਿਆ ਜਾਂਦਾ ਸੀ ਤਾਂ ਉਹ ਸਾਮਰੀਆ ਅਰ ਗਲੀਲ ਦੇ ਵਿੱਚੋਂ ਦੀ ਲੰਘਿਆ''[29] (ਆਇਤ 17:11)। ਉਹ ਸਾਮਰੀਆ ਅਤੇ ਗਲੀਲ ਵਿਚ ਚੇਲਿਆਂ ਦੇ ਕੋਲ ਉਨ੍ਹਾਂ ਨੂੰ ਪ੍ਰੇਰਨਾ ਦੇਣ ਲਈ ਫੇਰ ਗਿਆ ਹੋਵੇਗਾ।

**ਯਿਸੂ ਦਾ ਯਰੂਸ਼ਲਮ ਦਾ ਦੌਰਾ ਸ਼ੁਰੂ ਹੋਇਆ** (ਲੂਕਾ 17:11; ਯੂਹੰਨਾ 11:55)

ਅਖ਼ੀਰ ਵਿਚ, ਪਸਾਹ ਦੇ ਪਰਬ ਦਾ ਸਮਾਂ ਨੇੜੇ ਆ ਗਿਆ ਅਤੇ ਮੂਸਾ ਫਿਰ ਯਰੂਸ਼ਲਮ ਵੱਲ ਜਾਣ ਲੱਗ ਪਿਆ (ਯੂਹੰਨਾ 11:55)। ਮਸੀਹ ਅਤੇ ਬਾਰਾਂ ਚੇਲੇ[30] ਯਰਦਨ ਨਦੀ ਦੇ ਪੂਰਬੀ ਕੰਢੇ ਦੇ ਨਾਲ ਨਾਲ ਹੁੰਦੇ ਹੋਏ ਦੱਖਣ ਵੱਲੋ ਜਾਣ ਵਾਲੇ ਮੁਸਾਫ਼ਿਰਾਂ ਦੇ ਕਾਫ਼ਲੇ ਨਾਲ ਮਿਲ ਗਏ ਹੋਣਗੇ। ਘੱਟੋ-ਘੱਟ ਚਲਦੇ ਹੋਏ ਉਨ੍ਹਾਂ ਦੇ ਆਲੇ ਦੁਆਲੇ ਲੋਕਾਂ ਦੀ ਭੀੜ ਸੀ। ਪਰਬ ਵਿਚ ਜਾਣ ਦੇ ਇਸ ਦੌਰੇ ਤੇ ''ਜਿਵੇਂ ਕਿ ਉਸਦੇ ਭਰਾਵਾਂ ਨੇ ਪਹਿਲਾਂ ਸੁਝਾਅ ਦਿੱਤਾ ਸੀ [ਯੂਹੰਨਾ 7:1-6], ਉਸਦਾ ਆਪਣੇ

ਹੀ ਚੇਲਿਆਂ ਰਾਹੀਂ ਬਾਦਸ਼ਾਹ ਦੇ ਰੂਪ ਵਿਚ ਸੁਆਗਤ ਕੀਤਾ ਗਿਆ।''[31] ਬਾਕੀ ਦਾ ਪਾਠ ਅਤੇ ਅਗਲੇ ਦੋ ਪਾਠ ਯਰੂਸ਼ਲਮ ਦੇ ਇਸ ਆਖਰੀ ਦੌਰੇ ਦੇ ਸਮੇਂ ਯਿਸੂ ਦੀ ਸਿੱਖਿਆ ਅਤੇ ਗਤੀਵਿਧੀਆਂ ਦੇ ਬਾਰੇ ਦੱਸਦੇ ਹਨ (ਲੂਕਾ 17:11ੳ)।

### ਯਿਸੂ ਦੇ ਯਰੂਸ਼ਲਮ ਦੌਰੇ ਵਿਚ ਰੁਕਾਵਟ (ਲੂਕਾ 17:11-19)

ਇਸ ਦੌਰੇ ਦੀ ਪਹਿਲੀ ਲਿਖਤ ਘਟਨਾ ਸਪੱਸ਼ਟ ਤੌਰ ਤੇ ਗਲੀਲ ਅਤੇ ਸਾਮਰੀਆਂ ਦੀ ਹੱਦ ਤੋਂ ਦੂਰ, ਪਿਰੀਆ ਦੇ ਉੱਤਰੀ ਹਿੱਸੇ ਵਿਚ ਵਾਪਰੀ (ਆਇਤ 11)।[32] ਇਸ ਪਿੰਡ ਵਿਚ ਯਿਸੂ ਨੂੰ ਦਸ ਕੋੜ੍ਹੀ ਮਿਲੇ (ਆਇਤਾਂ 12, 13)। ਉਨ੍ਹਾਂ ਵਿੱਚੋਂ ਇਕ ਸਾਮਰੀ ਸੀ (ਆਇਤ 16); ਬਾਕੀ ਸੰਭਵ ਤੌਰ ਤੇ ਯਹੂਦੀ ਸਨ। ਇਕ ਲਾਇਲਾਜ ਬੀਮਾਰੀ ਨੇ ਜਾਤ–ਪਾਤ ਦੇ ਬੰਧਨ ਤੋੜ ਦਿੱਤੇ ਸਨ (ਯੂਹੰਨਾ 4:9)।

ਮਸੀਹ ਵੱਲੋਂ ਦਸ ਜਣਿਆਂ ਨੂੰ ਚੰਗਿਆਈ ਦੇਣ ਦੇ ਬਾਅਦ (ਆਇਤ 14), ਸਿਰਫ਼ ਸਾਮਰੀ ਹੀ ਧੰਨਵਾਦ ਦੇਣ ਲਈ ਪਰਤ ਕੇ ਆਇਆ (ਆਇਤ 15, 16)। ਪ੍ਰਭੂ ਦੀ ਪ੍ਰਤੀਕਿਰਿਆ ਹਰ ਕਿਸੇ ਨੂੰ ਜੋ ਉਹਦੀਆਂ ਬਰਕਤਾਂ ਲਈ ਧੰਨਵਾਦ ਨਾ ਕਰੇ ਖ਼ੁਦਾ ਨੂੰ ਵਡਿਆਈ ਦੇਣ ਤੇ ਨਾਕਾਮ ਰਹਿੰਦਾ ਹੈ: ''ਪਰ ਯਿਸੂ ਨੇ ਅੱਗੋਂ ਆਖਿਆ, ਭਲਾ, ਦਸੇ ਸ਼ੁੱਧ ਨਹੀਂ ਹੋਏ? ਤਾਂ ਓਹ ਨੇ ਕਿੱਥੇ ਹਨ?'' (ਆਇਤ 17)। ਪੌਲੁਸ ਨੇ ਕਿਹਾ ਹੈ ਕਿ ਸਾਨੂੰ ਸਭ ਨੂੰ ''ਧੰਨਵਾਦ ਕਰਦਿਆਂ ਹੋਇਆਂ ਉਸ ਵਿਚ ਸੁਚੇਤ'' ਰਹਿਣਾ ਜ਼ਰੂਰੀ ਹੈ (ਕੁਲੁੱਸੀਆਂ 4:2)। ਹੋਰਨਾਂ ਨੇ ''ਸ਼ੁਕਰਗੁਜ਼ਾਰੀ ਵਾਲਾ'' ਕਥਨ ਦੀ ਵਰਤੋਂ ਕੀਤੀ ਹੈ।

## ਖ਼ੁਦਾ ਦੇ ਵਾਅਦਿਆਂ ਪ੍ਰਤੀ ਆਪਣੇ ਵਿਹਾਰ ਨੂੰ ਬਦਲੋ (ਲੂਕਾ 17:20-37)

### ਖ਼ੁਦਾ ਦੇ ਵਾਅਦਿਆਂ ਤੇ ਯਕੀਨ ਕਰੋ (ਆਇਤਾਂ 20, 21)

ਪਰਛਾਂਵੇਂ ਵਾਂਗ ਯਿਸੂ ਦੇ ਮਗਰ ਮਗਰ ਰਹਿਣ ਵਾਲੇ ਆਲੋਚਕ, ਫ਼ਰੀਸੀ ਭੀੜ ਦੇ ਨਾਲ ਹੀ ਸਨ। ਉਨ੍ਹਾਂ ਨੇ ਉਸ ਤੋਂ ਪੁੱਛਿਆ, ''ਪਰਮੇਸ਼ੁਰ ਦਾ ਰਾਜ ਕਦ ਕੁ ਆਊਗਾ?'' (ਆਇਤ 20ੳ)। ਇਹ ਸਵਾਲ ਸੰਭਵ ਤੌਰ ਤੇ ਉਸਨੂੰ ਬਦਨਾਮ ਕਰਨ ਦੀ ਮੁਹਿੰਮ ਨੂੰ ਜਾਰੀ ਰੱਖਣ ਦੇ ਹਿੱਸੇ ਦੇ ਰੂਪ ਵਿਚ ਮਜ਼ਾਕ ਵਿਚ ਪੁੱਛਿਆ ਗਿਆ ਸੀ (ਲੂਕਾ 11:54)।[33] ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਨਾਲ ਯਿਸੂ ਨੂੰ ਮਜ਼ਾਕ ਕਰਨ ਦੀ ਕਲਪਨਾ ਕਰਨਾ ਮੁਸ਼ਕਿਲ ਨਹੀਂ ਹੈ ਕਿ ''ਆਪਣੀ ਸੇਵਕਾਈ ਸ਼ੁਰੂ ਕਰਦੇ ਸਮੇਂ, ਤੂੰ ਕਿਹਾ ਸੀ ਕਿ ਰਾਜ 'ਨੇੜੇ ਆਇਆ' ਹੈ *[ਮੱਤੀ 3:2]*। ਪਰ ਹੁਣ ਤਿੰਨ ਸਾਲ ਹੋਣ ਵਾਲੇ ਹਨ, ਹੁਣ ਤਕ ਉਸਦਾ ਕੋਈ ਨਾਂਅ ਨਿਸ਼ਾਨ ਨਹੀਂ ਹੈ। ਦੱਸ ਤਾਂ ਸਹੀ ਇਹ ਰਾਜ ਕਦੋਂ ਕੁ ਆ ਰਿਹਾ *ਹੈ?*'' ਹੋਰਨਾ ਯਹੂਦੀਆਂ ਵਾਂਗ ਉਨ੍ਹਾਂ ਦੇ ਦਿਮਾਗ਼ ਵਿਚ ਇਕ ਦੁਨਿਆਵੀ ਰਾਜ ਸੀ, ਜੋ ਧੂਮ ਧੜਾਕੇ ਨਾਲ ਆਉਣਾ ਸੀ।

ਜ਼ਬਰਦਸਤ ਧੀਰਜ ਵਿਖਾਉਂਦੇ ਹੋਏ, ਮਸੀਹ ਨੇ ਫੇਰ ਆਪਣੇ ਰਾਜ ਦੇ ਰੂਹਾਨੀ ਹੋਣ ਦਾ ਸੰਕੇਤ ਕੀਤਾ। ਪਹਿਲਾਂ ਤਾਂ ਉਸਨੇ ਕਿਹਾ, ''ਪਰਮੇਸ਼ੁਰ ਦਾ ਰਾਜ ਪਰਤੱਖ਼ ਹੋ ਕੇ ਨਹੀਂ ਆਉਂਦਾ'' (ਲੂਕਾ 17:20ਅ)। ਯਹੂਦੀ ਲੋਕ ਅੰਦਰੂਨੀ ਬਦਲਾਅ ਦੀ ਥਾਂ ਬਾਹਰੀ ਨਿਸ਼ਾਨ ਨੂੰ ਵੇਖ ਰਹੇ ਸਨ। ਯਿਸੂ ਦੇ ਸ਼ਬਦ ਅੱਜ ਵੀ ਪ੍ਰਸੰਗਿਕ ਹਨ। ਇਹ ਦਾਅਵਾ ਕਰਦੇ ਕਿ ''ਪਰਮੇਸ਼ੁਰ ਦਾ ਰਾਜ ਪਰਤੱਖ ਹੋ ਕੇ ਨਹੀਂ ਆਉਂਦਾ,'' ''ਯਿਸੂ ਨੇ ਆਪਣੀ ਵਾਪਸੀ ਦੇ ਸਮੇਂ, ਸਮਕਾਲੀਨ ਘਟਨਾਵਾਂ ਨਾਲ ਨਬੂਵਤਾਂ ਦੀ ਤੁਲਨਾ ਕਰਕੇ, ਨਬੂਵਤ ਦੱਸਣ ਦੀਆਂ ਸਾਰੀਆਂ ਕੋਸ਼ਿਸ਼ਾਂ ਵਾਲੀ ਕਿਤਾਬ ਨੂੰ ਬੰਦ ਕਰ ਦਿੱਤਾ ...।''[34]

ਫਿਰ ਪ੍ਰਭੂ ਨੇ ਕਿਹਾ, ''ਕਿਉਂਕਿ ਵੇਖੋ ਪਰਮੇਸ਼ੁਰ ਦਾ ਰਾਜ ਤੁਹਾਡੇ ਵਿਚ ਹੈ'' (ਆਇਤ 21ਅ)। ਯੂਨਾਨੀ ਸ਼ਬਦਾਂ ਦੇ ਅਨੁਵਾਦ ''ਤੁਹਾਡੇ ਵਿੱਚੇ ਹੈ'' ਦਾ ਅਨੁਵਾਦ ''ਤੁਹਾਡੇ ਅੰਦਰ'' ( ਵੇਖੋ KJV) ਹੋ ਸਕਦਾ ਹੈ। ਜੇ ਇੱਥੇ ਇਸਦਾ ਅਰਥ ਇਹ ਹੈ ਤਾਂ ਯਿਸੂ ਕਹਿ ਰਿਹਾ ਸੀ ਕਿ ਰਾਜ (ਖ਼ੁਦਾ ਦੀ

ਹਕੂਮਤ) ਅੰਦਰੂਨੀ ਹੁੰਦਾ ਹੈ, ਨਾ ਕਿ ਬਾਹਰੀ। ਪਰ ਜੇ ਇਹ ਸ਼ਬਦ ਫ਼ਰੀਸੀਆਂ ਤੇ ਲਾਗੂ ਕੀਤੇ ਜਾਣ, ਤਾਂ ''ਤੁਹਾਡੇ ਵਿਚਕਾਰ ਹੈ'' ਜ਼ਿਆਦਾ ਢੁਕਵਾਂ ਹੈ। ਹਾਲਾਂਕਿ ਰਾਜ/ਕਲੀਸੀਆ ਅਸਲ ਵਿਚ ਕਈ ਹਫ਼ਤਿਆਂ ਬਾਅਦ ਕਾਇਮ ਹੋਣਾ ਸੀ,[35] ਪਰ ਛੇਤੀ ਹੀ ਸਿੰਘਾਸਣ ਤੇ ਬੈਠਣ ਵਾਲਾ ਬਾਦਸ਼ਾਹ ਉੱਥੇ ''ਉਨ੍ਹਾਂ ਦੇ ਵਿਚਕਾਰ'' ਸੀ।

### ਖ਼ੁਦਾ ਦੇ ਵਾਅਦਿਆਂ ਲਈ ਤਿਆਰ ਰਹੋ (ਆਇਤਾਂ 22-37)

ਧਿਆਨ ਆਪਣੇ ਦੁਸ਼ਮਣਾਂ ਤੋਂ ਹਟਾ ਕੇ ਆਪਣੇ ਚੇਲਿਆਂ ਤੇ ਲਾ ਕੇ ਮਸੀਹ ਆਪਣੀ ਦੂਜੀ ਆਮਦ ਦੀਆਂ ਗੱਲ ਕਰਨ ਲੱਗਾ। ਸ਼ਾਇਦ ਫ਼ਰੀਸੀਆਂ ਦੇ ਸੰਦੇਹ ਨੇ ਉਸਨੂੰ ਉਸ ਦਿਨ ਦਾ ਧਿਆਨ ਕਰਾ ਦਿੱਤਾ, ਜਿਸ ਵਿਚ ਸਾਰੇ ਬੇ–ਵਿਸ਼ਵਾਸਿਆਂ ਨੂੰ ਸਜ਼ਾ ਦਿੱਤੀ ਜਾਵੇਗੀ। ਸ਼ਾਇਦ ਫ਼ਰੀਸੀਆਂ ਵੱਲੋਂ ਪਰੇਸ਼ਾਨ ਕਰਨ ਦੇ ਕਾਰਣ ਉਸਨੂੰ ਆਪਣੇ ਮਗਰ ਚੱਲਣ ਵਾਲਿਆਂ ਵੱਲੋਂ ਸਹੇ ਜਾਣ ਵਾਲੇ ਸਤਾਓ ਦਾ ਧਿਆਨ ਆ ਗਿਆ, ਜਿਸ ਨਾਲ ਉਨ੍ਹਾਂ ਨੂੰ ਇਹ ਭਰੋਸਾ ਦੇਣ ਲਈ ਕਿ ਅਖ਼ੀਰ ਵਿਚ, ਉਹ ਫ਼ਤਹਿ ਪਾਉਣਗੇ, ਪ੍ਰੇਰਣਾ ਮਿਲੀ। ਵਿਸ਼ਾ ਬਦਲਣ ਦਾ ਕਾਰਣ ਜੋ ਵੀ ਹੋਵੇ, ਉਸਨੇ ਯੁੱਗ ਦੇ ਅਖ਼ੀਰ ਵਿਚ ਆਪਣੇ ਵਾਪਿਸ ਆਉਣ ਬਾਰੇ ਵਿਸਤਾਰ ਨਾਲ ਦੱਸਿਆ। ਹੋਰਨਾਂ ਗੱਲਾਂ ਵਿਚ ਉਸਨੇ ਆਪਣੇ ਰਸੂਲਾਂ ਨੂੰ ਦੱਸਿਆ:

- ਉਸਦਾ ਆਉਣਾ ਸਭ ਦੇ ਸਾਹਮਣੇ ਹੋਵੇਗਾ: ਉਸਦੇ ਵਾਪਸ ਆਉਣ ਦੀ ਉਡੀਕ ਕਰਦੇ ਹੋਏ (ਆਇਤ 22), ਉਨ੍ਹਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਦਾਅਵਿਆਂ ਤੋਂ ਭਰਮ ਵਿਚ ਨਾ ਪੈਣ ਕਿ ਉਹ ਗੁਪਤ ਰੂਪ ਵਿਚ ਵਾਪਸ ਆਇਆ ਸੀ; ਕਿਉਂਕਿ ਉਸਦੇ ਆਉਣ ਤੇ ਸਭ ਨੂੰ ਪਤਾ ਹੋਵੇਗਾ (ਆਇਤਾਂ 27–30)।
- ਉਸਦਾ ਆਉਣਾ ਉਮੀਦ ਤੋਂ ਬਾਹਰ ਹੋਵੇਗਾ (ਆਇਤਾਂ 27–30)। ਇਸ ਲਈ ਕਈ ਬਿਨਾਂ ਤਿਆਰੀ ਦੇ ਪਾਏ ਜਾਣਗੇ (ਆਇਤਾਂ 34–36)।

ਇਸ ਮੌਕੇ ਤੇ ਦਿੱਤੇ ਗਏ ਮਸੀਹ ਦੇ ਸੰਦੇਸ਼ ਨਾਲ ਉਸਦੀ ਆਉਣ ਵਾਲੀ ਸਿੱਖਿਆ ਨੂੰ ਪੂਰਨ ਬੋਧ ਮਿਲਿਆ। ਇਹ ਮੱਤੀ 24 ਵਾਂਗ ਹੀ ਹੀ ਹੈ,[36] ਜਿਸ ਵਿਚ ਉਸਦੀ ਦੂਜੀ ਆਮਦ ਅਤੇ ਯਰੂਸ਼ਲਮ ਦੀ ਬਰਬਾਦੀ ਦੀ ਚਰਚਾ ਹੈ (ਵੇਖੋ ਮੱਤੀ 24: 1–3)। ਮੱਤੀ 24 ਵਿਚ ਦੋ ਘਟਨਾਵਾਂ ਦੀਆਂ ਸਿੱਖਿਆਵਾਂ ਇਕ ਦੂਜੇ ਵਿਚ ਸਮਾਈਆਂ ਜਾਪਦੀਆਂ ਹਨ।[37] ਇਸੇ ਤਰ੍ਹਾਂ ਲੂਕਾ 17:22–37 ਦੀ ਕੁਝ ਭਾਸ਼ਾ ਨਾਲ ਯਰੂਸ਼ਲਮ ਦੀ ਬਰਬਾਦੀ, ਜੋ ਦੂਜੀ ਆਮਦ ਵਾਂਗ ਹੀ ਹੈ, ਦੀ ਪੂਰੀ ਸਮਝ ਹੋ ਸਕਦੀ ਹੈ।[38]

ਇਸ ਸੰਦੇਸ਼ ਦਾ ਮੁੱਖ ਕਥਨ ਆਇਤ 25 ਵਿਚ ਮਿਲਦਾ ਹੈ: ''ਪਰ ਪਹਿਲੇ ਉਹ ਨੂੰ ਜ਼ਰੂਰ ਹੈ ਜੋ ਬਹੁਤ ਕਸ਼ਟ ਭੋਗੇ ਅਤੇ ਇਸ ਪੀੜ੍ਹੀ ਦੇ ਲੋਕਾਂ ਥੀਂ ਰੱਦਿਆ ਜਾਵੇ।'' ਯਿਸੂ ਨਹੀਂ ਚਾਹੁੰਦਾ ਸੀ ਕਿ ਉਸਦੇ ਚੇਲੇ ਇਸ ਤੱਥ ਨੂੰ ਭੁੱਲ ਜਾਣ ਕਿ ਦੂਰ ਭਵਿੱਖ ਵਿਚ ਰੋਮਾਂਚ ਭਰੇ ਦਿਨਾਂ ਦੇ ਬਾਵਜੂਦ, *ਪਹਿਲਾਂ* ਉਸਦਾ ਮਰਨਾ ਜ਼ਰੂਰੀ ਸੀ।

## ਦੁਆ ਪ੍ਰਤੀ ਆਪਣਾ ਵਿਹਾਰ ਬਦਲੋ (ਲੂਕਾ 18:1-14)

ਮਸੀਹ (ਲੂਕਾ 17:25) ਅਤੇ ਉਸਦੇ ਪਿੱਛੇ ਚੱਲਣ ਵਾਲਿਆਂ ਲਈ ਆਉਣ ਵਾਲਾ ਸਮਾਂ ਔਖਾ ਸੀ (18:7) ਜਿਸ ਵਿਚ ਸਿਰਫ਼ ਉਹੀ ਲੋਕ ਕਾਇਮ ਰਹਿ ਸਕਦੇ ਸਨ, ਜਿਹੜੇ ਖ਼ੁਦਾ ਦੇ ਨੇੜੇ ਰਹੇ ਹਨ। ਯਿਸੂ ਦੁਆ ਦੇ ਵਿਸ਼ੇ ਤੇ ਆ ਗਿਆ।

**ਖ਼ੁਦਾ ਤੇ ਭਰੋਸਾ ਰੱਖੋ (ਆਇਤਾਂ 1-8)।**

ਪਹਿਲਾਂ ''ਉਸਨੇ ਇਸ ਵਿਸ਼ੇ ਵਿਚ ਕਿ ਸਦਾ ਪ੍ਰਾਰਥਨਾ ਵਿਚ ਲੱਗਿਆ ਰਹਿਣਾ ਅਤੇ ਸੁਸਤੀ ਨਹੀਂ ਕਰਨੀ ਚਾਹੀਦੀ, ਉਨ੍ਹਾਂ ਨੂੰ ਇਹ ਦ੍ਰਿਸ਼ਟਾਂਤ ਕਿਹਾ'' (ਆਇਤ 1) ਉਸਨੇ ਦੱਸਿਆ ਕਿ ''ਕਿਸੇ ਨਗਰ ਵਿਚ ਇਕ ਹਾਕਮ ਸੀ ਜਿਸ ਨੂੰ ਨਾ ਪਰਮੇਸ਼ੁਰ ਦਾ ਭੈ ਨਾ ਮਨੁੱਖ ਦੀ ਪਰਵਾਹ ਸੀ'' (ਆਇਤ 2), ਪਰ ਫਿਰ ਵੀ ਉਸਨੇ ਇਕ ਵਿਧਵਾ ਦੀ ਜ਼ਿੱਦ ਦੇ ਕਾਰਣ ਉਸਦੀ ਬੇਨਤੀ ਮੰਨ ਲਈ (ਆਇਤਾਂ 3–5)।[39] ਆਮ ਪ੍ਰਸੰਗਿਤਾ ਇਹ ਹੈ ਕਿ ਕਠੋਰ ਮਨ ਵਾਲਾ ਹਾਕਮ ਇਸ ਤਰ੍ਹਾਂ ਪਿਘਲ ਸਕਦਾ ਸੀ, ਤਾਂ ਪ੍ਰੇਮੀ ਖ਼ੁਦਾ ਆਪਣੇ ਬੱਚਿਆਂ ਦੀ ਬੇਨਤੀ ਤੇ ਧਿਆਨ ਕਿਉਂ ਨਾ ਦੇਵੇਗਾ! ਮਸੀਹ ਨੇ ਆਪਣੇ ਚੇਲਿਆਂ ਨੂੰ ਖ਼ਾਸ ਗੱਲ ਵੀ ਦੱਸਣੀ ਸੀ ਕਿ ਜਦ ਉਨ੍ਹਾਂ ਨਾਲ ਬੁਰਾ ਵਰਤਾਓ ਹੋਵੇਗਾ ਤਾਂ ਹਿੰਮਤ ਹਾਰਣ ਦੀ ਥਾਂ ਉਨ੍ਹਾਂ ਨੂੰ ਖ਼ੁਦਾ ਤੇ ਭਰੋਸਾ ਰੱਖਣਾ ਚਾਹੀਦਾ ਹੈ ਕਿਉਂਕਿ ਅਖ਼ੀਰ ਵਿਚ ਨਿਆਂ ਤਾਂ ਉਹੀ ਕਰੇਗਾ (ਆਇਤਾਂ 7, 8ੳ)।[40]

ਆਪਣੇ ਚੇਲਿਆਂ ਉੱਤੇ ਆਉਣ ਵਾਲੇ ਦਬਾਅ ਨੂੰ ਜਾਣਦੇ ਹੋਏ, ਯਿਸੂ ਨੇ ਹੈਰਾਨਗੀ ਜ਼ਾਹਿਰ ਕੀਤੀ, ''... ਜਦ ਮਨੁੱਖ ਦਾ ਪੁੱਤਰ ਆਵੇਗਾ ਤਦ ਕੀ ਉਹ ਧਰਤੀ ਉੱਤੇ ਨਿਹਚਾ ਪਾਵੇਗਾ?'' (ਆਇਤ 8ਅ)। ਇੱਥੇ ਇਸ ਤੋਂ ਭਾਵ ਹੈ, ''ਕੀ ਉਸਨੂੰ ਅਜਿਹਾ ਵਿਸ਼ਵਾਸ ਮਿਲੇਗਾ ਜਿਹੜਾ ਔਖੀ ਘੜੀ ਦੇ ਬਾਵਜੂਦ ਖ਼ੁਦਾ ਅੱਗੇ ਦੁਆ ਕਰਨ ਵਾਲਾ ਹੋਵੇ?''[41]

**ਆਪਣੇ ਆਪ ਵਿਚ ਭਰੋਸਾ ਰੱਖੋ (ਆਇਤਾਂ 9-14)**

ਸਿਰਫ਼ ਦੁਆ ਕਰਨਾ ਹੀ ਕਾਫ਼ੀ ਨਹੀਂ ਹੈ; ਸਾਨੂੰ ਦੁਆ ਦੇ ਵਕਤ ਸਹੀ ਵਿਹਾਰ ਰੱਖਣਾ ਵੀ ਜ਼ਰੂਰੀ ਹੈ। ਇਸ ਲਈ ਮਸੀਹ ਨੇ ''ਕਈਆਂ ਨੂੰ ਜਿਹੜੇ ਆਪਣੇ ਉੱਤੇ ਭਰੋਸਾ ਰੱਖਦੇ ਸਨ ਭਈ ਅਸੀਂ ਧਰਮੀ ਹਾਂ ਅਤੇ ਹੋਰਨਾਂ ਨੂੰ ਤੁੱਛ ਜਾਣਦੇ ਸਨ'' ਦੂਜਾ ਦ੍ਰਿਸ਼ਟਾਂਤ ਦਿੱਤਾ (ਆਇਤ 9)। ਇਹ ਫ਼ਰੀਸੀਆਂ ਦਾ ਸਪਸ਼ੱਟ ਵਰਣਨ ਸੀ, ਪਰ ਪ੍ਰਭੂ ਦਾ ਧਿਆਨ ਦੂਜਿਆਂ ਤੇ ਬਹੁਤਾ ਹੋਵੇਗਾ, ਜਿਹੜੇ ਉਨ੍ਹਾਂ ਆਪਣੇ ਆਪ ਵਿਚ ਧਰਮੀ ਆਗੂਆਂ ਤੋਂ ਪ੍ਰਭਾਵਿਤ ਹੋ ਰਹੇ ਸਨ (ਲੂਕਾ 12:1)।[42]

ਇਕ ਘਮੰਡੀ ਫ਼ਰੀਸੀ ਦਾ ਜਿਸਨੇ ਦੁਆ ''ਆਪਣੀ ਪਿੱਠ ਠੋਕਣ'' ਦਾ ਸਮਾਂ ਬਣਾ ਦਿੱਤਾ ਸੀ, ਮਸ਼ਹੂਰ ਦ੍ਰਿਸ਼ਟਾਂਤ ਹੈ[43] (ਆਇਤਾਂ 11, 12)। ਉਸਦੀ ਤੁਲਨਾ ਇਕ ਮਸੂਲ ਲੈਣ ਵਾਲੇ ਨਾਲ ਕੀਤੀ ਗਈ, ਜਿਹਨੇ ਸਿਰਫ਼ ਇੰਨਾ ਹੀ ਕਿਹਾ ਸੀ, ''ਹੇ ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ'' (ਆਇਤ 13)। ਯਿਸੂ ਨੇ ਕਹਾਣੀ ਖ਼ਤਮ ਕੀਤੀ, ''ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਉਹ ਨਹੀਂ ਪਰ ਇਹ ਧਰਮੀ ਠਹਿਰ ਕੇ ਆਪਣੇ ਘਰ ਗਿਆ ਕਿਉਂਕਿ ਹਰੇਕ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ ਸੋ ਨੀਵਾਂ ਕੀਤਾ ਜਾਵੇਗਾ ਪਰ ਜੋ ਆਪ ਨੂੰ ਨੀਵਾਂ ਕਰਦਾ ਹੈ ਸੋ ਉੱਚਾ ਕੀਤਾ ਜਾਵੇਗਾ'' (ਆਇਤ 14)।[44] ਜਦ ਅਸੀਂ ਦੁਆ ਕਰਦੇ ਹਾਂ, ਤਾਂ ਸਾਡਾ ਵਿਹਾਰ ਹਲੀਮੀ ਵਾਲਾ ਹੋਣਾ ਚਾਹੀਦਾ ਹੈ।

## ਸਾਰ

ਹੁਣ ਆਪਣੇ ਵਿਹਾਰ ਨੂੰ ਪਰਖੋ। ਪੌਲੁਸ ਨੇ ਕੁਰਿੰਥੁਸ ਦੇ ਲੋਕਾਂ ਨੂੰ ਦੱਸਿਆ ਸੀ, ''ਕਿਉਂ ਜੋ ਮੈਂ ਇਸ ਲਈ ਵੀ ਲਿਖਿਆ ਸੀ ਜੋ ਤੁਹਾਨੂੰ ਪਰਖ ਕੇ ਵੇਖਾਂ ...'' (2 ਕੁਰਿੰਥੀਆਂ 2:9ੳ)। ਐਂਪਲੀਫ਼ਾਈਡ ਬਾਈਬਲ ਵਿਚ ਇਸਨੂੰ ਵਿਸਤਾਰ ਨਾਲ ਦਿੱਤਾ ਗਿਆ ਹੈ: ''ਤੁਹਾਡਾ *ਵਿਹਾਰ* ਪਰਖਣ ਲਈ।'' ਤੁਸੀਂ ਸਹੀ ਵਿਹਾਰ ਬਣਾਈ ਰੱਖਣ ਵਿਚ ਆਪਣੇ ਸੰਘਰਸ਼ ਨੂੰ ਪਹਿਲਾਂ ਹੀ ਜਾਣਦੇ ਹੋਵੋਗੇ; ਇਹ ਅਜਿਹੀ ਲੜਾਈ ਹੈ, ਜੋ ਕਦੇ ਖ਼ਤਮ ਨਹੀਂ ਹੁੰਦੀ। ਦੂਜੇ ਪਾਸੇ ਤੁਹਾਨੂੰ ਕਿਸੇ ਦੋਸਤ ਤੋਂ ਪੁੱਛਣਾ ਪੈ ਸਕਦਾ ਹੈ ਜਿਹਨੂੰ ਲਗਦਾ ਹੋਵੇ ਕਿ ਕਦੀ ਤੁਹਾਡਾ *ਬੁਰਾ ਵਿਹਾਰ* ਹੋਇਆ ਹੈ। ਸਭ ਤੋਂ ਵਧ ਕੇ, ਖ਼ੁਦਾ ਨੂੰ ਤੁਹਾਡਾ ਮਨ ਅਤੇ ਵਿਹਾਰ ਪਰਖਣ ਲਈ ਕਹੋ (ਜ਼ਬੂਰ 26:2; ਯਿਰਮਿਯਾਹ 12:3)।

ਸਾਡੇ ਵਿੱਚੋਂ ਹਰ ਕੋਈ ਆਪਣੇ ਵਿਹਾਰ ਵਿਚ ਕਿਵੇਂ ਸੁਧਾਰ ਲਿਆ ਸਕਦਾ/ਸਕਦੀ ਹੈ? ਸੰਭਵ ਤੌਰ ਤੇ ਇਸਦਾ ਬੇਹਤਰ ਜਵਾਬ ਫ਼ਿਲਿੱਪੀਆਂ 4:8 ਵਿਚ ਮਿਲਦਾ ਹੈ: ''ਮੁੱਕਦੀ ਗੱਲ, ਹੇ ਭਰਾਵੋ, ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ ਹਨ, ਜਿਹੜੀਆਂ ਜਥਾਰਥ ਹਨ, ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੇ ਕੁਝ ਗੁਣ ਹੈ ਅਤੇ ਜੇ ਕੁਝ ਸੋਭਾ ਹੈ ਤਾਂ ਇਨ੍ਹਾਂ ਗੱਲਾਂ ਦੀ ਵਿਚਾਰ ਕਰੋ।'' ਬੁਰੇ ਵਿਹਾਰ ਨੂੰ ਨਾਸ ਕਰਨ ਦਾ ਸਭ ਤੋਂ ਵਧੀਆ ਢੰਗ ਆਪਣੇ ਮਨਾਂ ਨੂੰ ਸਕਾਰਾਤਮਕ ਅਤੇ ਭਲਾਈ ਵਾਲੇ ਵਿਚਾਰਾਂ ਨਾਲ ਭਰ ਲੈਣਾ ਹੈ।

ਪ੍ਰਭੂ ਦਾ ਵਿਹਾਰ ਅਪਣਾਉਣ ਦੀ ਚੁਣੌਤੀ ਦਿੱਤੀ ਗਈ ਹੈ। ਪੌਲੁਸ ਨੇ ਲਿਖਿਆ ਹੈ, ''ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਵੀ ਸੀ'' (ਫ਼ਿਲਿੱਪੀਆਂ 2:5)। ਅਸੀਂ ਇਸ ਆਦਰਸ਼ ਤਕ ਪੂਰੀ ਤਰ੍ਹਾਂ ਕਦੇ ਨਹੀਂ ਪਹੁੰਚ ਸਕਦੇ; ਪਰ ਜਿੰਨਾ ਅਸੀਂ ਇਸਦੇ ਨੇੜੇ ਆਵਾਂਗੇ, ਓਨੀ ਹੀ ਸਾਨੂੰ ਸਭ ਦੀ ਸ਼ਾਂਤੀ ਮਿਲੇਗੀ, ਅਤੇ ਓਨਾ ਹੀ ਅਸੀਂ ਦੂਜਿਆਂ ਲਈ ਬਰਕਤ ਹੋਵਾਂਗੇ।

## ਨੋਟਸ

ਇਸ ਪਾਠ ਵਿਚਲੀਆਂ ਆਇਤਾਂ ਵਿਚ ਪ੍ਰਚਾਰ ਦੀਆਂ ਕੁਝ ਸੰਭਾਵਨਾਵਾਂ ਇਸ ਤਰ੍ਹਾਂ ਹਨ। ਖ਼ੁਦਾ ਦੇ ਫ਼ਜ਼ਲ ਦੀ ਲੋੜ (''ਅਸੀਂ ਨਿਕੰਮੇ ਦਾਸ ਹਾਂ'') ਤੇ ਪ੍ਰਚਾਰ ਕਰਨ ਲਈ ਲੂਕਾ 17:7–10 ਦੀ ਵਰਤੋਂ ਕਰੋ। ਲਾਜ਼ਰ ਦੇ ਜ਼ਿੰਦਾ ਕੀਤੇ ਜਾਣ ਤੇ ਵੇਰਵੇ ਭਰਿਆ ਸਰਮਨ ਦਿਓ (ਯੂਹੰਨਾ 11:1–46)। ਦੁਆ ਕਰਦੇ ਰਹਿਣ ਦੀ ਅਹਿਮੀਅਤ ਤੇ ਪ੍ਰਚਾਰ ਕਰਨ ਲਈ ਹਠੀ ਵਿਧਵਾ ਦਾ ਦ੍ਰਿਸ਼ਟਾਂਤ (ਲੂਕਾ 18:1–8) ਵਰਤੋ। ਦੀਨਤਾ ਤੇ ਪ੍ਰਚਾਰ ਕਰਨ ਲਈ ਫ਼ਰੀਸੀ ਅਤੇ ਮਸੂਲ ਲੈਣ ਵਾਲੇ (ਲੂਕਾ 18:9–14) ਦਾ ਦ੍ਰਿਸ਼ਟਾਂਤ ਵਰਤੋ। (ਅਗਲਾ ਪਾਠ ''ਹੇ ਪਰਮੇਸ਼ੁਰ ਦਯਾ ਕਰ!'' ਵੇਖੋ)। ਇਨ੍ਹਾਂ ਵਿਆਖਿਆਤਮਕ ਪਾਠਾਂ ਦੇ ਇਲਾਵਾ ''ਹੇ ਪ੍ਰਭੂ, ਸਾਡੀ ਨਿਹਚਾ ਵਧਾ'' (ਲੂਕਾ 17:5); ''ਯਿਸੂ ਨੇ ਉਨ੍ਹਾਂ ਨੂੰ ਪਿਆਰ ਕੀਤਾ'' (ਯੂਹੰਨਾ 11:5; ਸਾਨੂੰ ਸਭ ਨੂੰ ਦੋਸਤਾਂ ਦੀ ਲੋੜ ਹੁੰਦੀ ਹੈ); ''ਕਿਆਮਤ ਅਤੇ ਜੀਉਣ ਮੈਂ ਹਾਂ'' (ਯੂਹੰਨਾ 11:25); ''ਲੂਤ ਦੀ ਤੀਵੀਂ ਨੂੰ ਚੇਤੇ ਰੱਖੋ'' (ਲੂਕਾ 17:32) ਸਣੇ ਵਿਸ਼ੇਵਾਰ ਸਰਮਨਾਂ ਲਈ ਸਪ੍ਰਿੰਗ ਬੋਰਡਾਂ ਦੇ ਰੂਪ ਵਿਚ ਕਈ ਵਚਨਾਂ ਨੂੰ ਵਰਤਿਆ ਜਾ ਸਕਦਾ ਹੈ।

---

ਟਿੱਪਣੀਆਂ

[1]ਜੇ ਤੁਸੀਂ ਉੱਥੇ ਰਹਿੰਦੇ ਹੋ, ਜਿੱਥੇ ਲੋਕ ''ਦੇਸੀ ਅਤੇ ਪੱਛਮੀ'' ਸੰਗੀਤ ਤੋਂ ਵਾਕਫ਼ ਹੋਣ ਤਾਂ ਤੁਸੀਂ ਹਸਾਉਣ ਵਾਲੇ ''ਦੇਸੀ ਅਤੇ ਪੱਛਮੀ'' ਗੀਤ ਦੀ ਗੱਲ ਕਰ ਸਕਦੇ ਹੋ, ਜੋ ''ਵਿਹਾਰ ਵਿਚ ਸਮਝੌਤੇ'' ਤੇ ਗੱਲ ਕਰਦਾ ਹੈ। [2]ਲੂਕਾ ਦੇ ਇਸ ਭਾਗ ਵਾਂਗ, ਇਸ ਪਾਠ ਦੀਆਂ ਜ਼ਿਆਦਾਤਰ ਆਇਤਾਂ ਯਿਸੂ ਦੀਆਂ ਮੁੱਢਲੀਆਂ ਸਿੱਖਿਆਵਾਂ ਵੱਲ ਧਿਆਨ ਦੁਆਉਂਦੀਆਂ ਹਨ, ਜਿਨ੍ਹਾਂ ਤੇ ਪਹਿਲਾਂ ਚਰਚਾ ਕੀਤੀ ਜਾ ਚੁੱਕੀ ਹੈ। ਉਦਾਹਰਣ ਲਈ, ਲੂਕਾ 17:1 ਦੀ ਮੱਤੀ 18:7–10 ਨਾਲ ਅਤੇ ਲੂਕਾ 17:2 ਦੀ ਮੱਤੀ 18:6 ਨਾਲ ਤੁਲਨਾ ਕਰੋ। [3]''ਛੋਟੇ ਬੱਚਿਆਂ'' ਤੇ ਚਰਚਾ ਲਈ *ਮਸੀਹ ਦੀ ਜ਼ਿੰਦਗੀ, 4* ਵਿਚ ''ਸ਼ਗਿਰਦੀ ਦੇ ਨਿਸ਼ਾਨ'' ਪਾਠ ਵੇਖੋ। [4]ਕਾਗਜ਼ ਮੈਨੂੰ ਸਿਰਫ਼ ਇਨ੍ਹਾਂ ਵਚਨਾਂ ਨੂੰ ਸੀਮਤ ਪ੍ਰਾਸੰਗਿਕਤਾ ਬਣਾਉਣ ਦੀ ਇਜਾਜ਼ਤ ਦਿੰਦਾ ਹੈ। ਪਾਠ ਵਿਚ ਅਤੇ ਹੋਰ ਟਿੱਪਣੀਆਂ ਵਿਚ ਕੁਝ ਸੁਝਾਅ ਮਿਲ ਜਾਣਗੇ। ਸਿਖਾਉਣ ਵੇਲੇ ਚਾਹੋ ਤਾਂ ਇਨ੍ਹਾਂ ਵਿਚਾਰਾਂ ਨੂੰ ਵਿਸਤਾਰ ਦੇ ਕੇ ਵਾਧੂ ਪ੍ਰਾਸੰਗਿਕਤਾ ਬਣਾ ਸਕਦੇ ਹੋ। [5]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫੋਲਡ ਗੌਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿੰਸਿਨਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 517. [6]ਇਸ ਨੂੰ ਮੱਤੀ 18:21–35 ਦੀ ਸਿੱਖਿਆ ਨਾਲ ਮਿਲਾਓ। ਕੁਝ ਲੋਕ ਇਹ ਸਿਖਾਉਣ ਲਈ ਕਿ ਜਦ ਤਕ ਕੋਈ ''ਤੌਬਾ'' ਨਾ ਕਰੇ (ਭਾਵ ਮਾਫ਼ੀ ਨਾ ਮੰਗੇ) ਤਦ ਤਕ ਉਸ ਨੂੰ ਮਾਫ਼

ਕਰਨਾ ਸਾਡੀ ਜ਼ਿੰਮੇਵਾਰੀ ਨਹੀਂ ਹੈ, ਲੂਕਾ 17:3, 4 ਦੀ ਵਰਤੋਂ ਕਰਦੇ ਹਨ, ਪਰ ਇਹ ਵਚਨ ਅਸਲ ਵਿਚ ਇਵੇਂ ਨਹੀਂ ਕਹਿੰਦਾ। ਇਹ ਕਹਿੰਦਾ ਹੈ ਕਿ *ਜੇ* ਉਹ ਤੌਬਾ ਕਰਨ, ਤਾਂ ਸਾਨੂੰ ਉਸਨੂੰ ਮਾਫ਼ ਕਰ ਦੇਣਾ ਚਾਹੀਦਾ ਹੈ ਨਾ ਕਿ ਇਹ ਕਿ ਉਸਦੇ ਤੌਬਾ ਕਰਨ ਦੀ ਉਡੀਕ ਕਰੀਏ। ਮੱਤੀ 18:21–35 ਅਜਿਹੀ ਕੋਈ ਪਾਬੰਦੀ ਨਹੀਂ ਲਾਉਂਦਾ। [7]ਪ੍ਰਭੂ ਨੇ ਸਾਨੂੰ ਕਈ ਚੁਣੌਤੀਆਂ ਦਿੱਤੀਆਂ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਔਖਾ ਹੈ। ਸਾਨੂੰ ਸਭ ਨੂੰ ਪੁਕਾਰਨਾ ਚਾਹੀਦਾ ਹੈ ਕਿ ''ਮੇਰੀ ਨਿਹਚਾ ਵਧਾ!'' [8]''ਤੂਹਤ ਦਾ ਰੁੱਖ'' ਜੜ੍ਹਾਂ ਲੰਮੀਆਂ ਹੋਣ ਅਤੇ ਪੁੱਟਣਾ ਮੁਸ਼ਕਿਲ ਹੋਣ ਲਈ ਮਸ਼ਹੂਰ ਸੀ। ਲੂਕਾ 17:6 ਦੀ ਤੁਲਨਾ ਮੱਤੀ 17:20 ਨਾਲ ਕਰੋ। ਮੱਤੀ 17:20 ਤੇ ਹੋਰ ਚਰਚਾ ਲਈ *ਮਸੀਹ ਦੀ ਜ਼ਿੰਦਗੀ, 4* ਵਿਚ ''ਮੇਰੀ ਬੇਪਰਤੀਤੀ ਦਾ ਉਪਾਅ ਕਰ'' ਪਾਠ ਵੇਖੋ। [9]ਇਸ ਤੋਂ ਪਹਿਲਾਂ ਅਸੀਂ ਮਰੀਅਮ ਅਤੇ ਮਾਰਥਾ ਨੂੰ ਲੂਕਾ 10:38–42 ਵਿਚ ਮਿਲੇ ਸਾਂ। ਯੂਹੰਨਾ 11:2 ਮਰੀਅਮ ਨੂੰ ਬਾਅਦ ਵਿਚ ਇਕ ਘਟਨਾ ਨਾਲ ਵਿਖਾਉਂਦਾ ਹੈ (ਵੇਖੋ ਯੂਹੰਨਾ 12:3)। [10]ਅਸੀਂ ਨਹੀਂ ਜਾਣਦੇ ਕਿ ਚਾਰ ਦਿਨ (ਆਇਤ 17) ਪੂਰੇ ਚਾਰ ਦਿਨ ਸਨ ਜਾਂ ਦੋ ਦਿਨ ਦੀ ਦੇਰੀ (ਆਇਤ 6) ਨੂੰ ਦੋ ਪੂਰੇ ਦਿਨ ਕਿਹਾ ਗਿਆ ਹੈ, ਇਸ ਕਰਕੇ ਅਸੀਂ ਇਸ ਤੋਂ ਅੜੀਅਲ ਨਹੀਂ ਹੋ ਸਕਦੇ; ਪਰ ਲਗਦਾ ਨਹੀਂ ਕਿ ਯਿਸੂ ਲਾਜ਼ਰ ਦੇ ਮਰਨ ਤੋਂ ਪਹਿਲਾਂ ਬੈਤਅਨੀਆ ਵਿਚ ਪਹੁੰਚ ਗਿਆ ਹੋਵੇ। ਜੇ ਇਹ ਪੂਰੇ ਦਿਨ ਸਨ, ਅਤੇ ਜੇ ਯਿਸੂ ਬੈਤਅਨੀਆ ਤੋਂ ਇਕ ਦਿਨ ਦੇ ਪੈਂਡੇ ਦੇ ਵਕਫ਼ੇ ਤੇ ਸੀ, ਤਾਂ ਲਾਜ਼ਰ ਸੁਨੇਹਾ ਲਿਜਾਣ ਵਾਲੇ ਦੇ ਨਿੱਕਲਣ ਤੋਂ ਥੋੜ੍ਹੀ ਦੇਰ ਬਾਅਦ ਮਰ ਗਿਆ ਸੀ। ਜੇ ਯਿਸੂ ਦੋ ਦਿਨ ਦੇ ਫ਼ਾਸਲੇ ਤੇ ਸੀ, ਤਾਂ ਲਾਜ਼ਰ ਦੀ ਮੌਤ ਉਦੋਂ ਕੁ ਹੀ ਹੋਈ ਜਦ ਹਲਕਾਰੇ ਯਿਸੂ ਕੋਲ ਅੱਪੜੇ। ਜੇ ਯਿਸੂ ਤਿੰਨ ਦਿਨ ਦੇ ਵਕਫ਼ੇ ਤੇ ਸੀ ਅਤੇ ਸੁਨੇਹਾ ਮਿਲਦਿਆਂ ਹੀ ਉੱਥੋਂ ਚੱਲ ਪਿਆ, ਤਾਂ ਲਾਜ਼ਰ ਉਸਦੇ ਬੈਤਅਨੀਆ ਵਿਚ ਆਉਂਦਿਆਂ ਰਾਹ ਵਿਚ ਮਰ ਗਿਆ ਹੋਵੇਗਾ।

[11]ਐਡਮੰਡ ਪੀ. ਕਲਾਉਨੀ, ਜੂਨੀਅਰ, *ਦ ਲਾਈਫ਼ ਆਫ਼ ਕ੍ਰਾਈਸਟ* (ਗ੍ਰੋਵ ਸਿਟੀ, ਪਨਾਮਾ: ਵਿਜ਼ੁਅਲਸ, 1953), 31. ਇਹ ਯੂਹੰਨਾ ਦਾ ਸਤਵਾਂ ''ਨਿਸ਼ਾਨ'' ਸੀ। [12]ਕਾਗਜ਼ ਦੀ ਕਮੀ ਕਹਾਣੀ ਨੂੰ ਬਣਦੀ ਥਾਂ ਦੇਣ ਦੀ ਇਜਾਜ਼ਤ ਨਹੀਂ ਦਿੰਦੀ। [13]ਬੋਲ ਉੱਠਣ ਵਾਲੇ ਦਾ ਨਾਂਅ ਥੋਮਾ ਸੀ, ਜਿਹਨੂੰ ''ਦੀਦੁਮਸ'' ਵੀ ਕਿਹਾ ਜਾਂਦਾ ਸੀ, ਜਿਹਦਾ ਅਰਥ ''ਜੁੜਵਾਂ'' ਹੈ। ਉਹਦਾ ਕੋਈ ਜੁੜਵਾਂ ਭਰਾ ਹੋਵੇਗਾ। [14]ਦੂਜੇ ਸ਼ਬਦਾਂ ਵਿਚ, ''ਉਹ ਫੇਰ ਜੀ ਉੱਠੇਗਾ।'' [15]ਦੂਜੇ ਸ਼ਬਦਾਂ ਵਿਚ ''ਉਹ ਰੂਹਾਨੀ ਤੌਰ ਤੇ ਨਹੀਂ ਮਰੇਗਾ, ਅਤੇ ਅਖ਼ੀਰ ਉਹ ਹਮੇਸ਼ਾ ਦੀ ਜ਼ਿੰਦਗੀ ਪਾਵੇਗਾ।'' [16]ਯੂਹੰਨਾ ਦੀ ਇੰਜੀਲ ਵਿਚ ਸੱਤ ''ਮੈਂ ਹਾਂ'' ਕਥਨ ਲਿਖਤ ਵਿਚ ਮਿਲਦੇ ਹਨ। ਇਹ ਯੂਹੰਨਾ 6:35; 8:12, 58; 10:11; 11:25; 14:6; ਅਤੇ 15:1 ਵਿਚ ਮਿਲਦੇ ਹਨ। [17]ਯੂਨਾਨੀ ਸ਼ਬਦਾਂ ਦਾ ਅਨੁਵਾਦ ''ਕਲਪਿਆ'' ਅਤੇ ''ਘਬਰਾਇਆ'' ਦੀ ਵਰਤੋਂ ਇੰਜੀਲ ਦੇ ਵਿਰਤਾਂਤਾਂ ਵਿਚ ਕਈ ਵਾਰ ਯਿਸੂ ਦੇ ਗੁੱਸੇ ਨੂੰ ਵਿਖਾਉਣ ਲਈ ਨਕਾਰਾਤਮਕ ਢੰਗ ਨਾਲ ਕੀਤੀ ਜਾਂਦੀ ਹੈ। ਸੁਝਾਅ ਦਿੱਤਾ ਗਿਆ ਹੈ ਕਿ ਉਹ ਰਵਾਇਤੀ ਬੇਹੱਦ ਵੇਦਨਾ ਨੂੰ ਨਾਪਸੰਦ ਕਰਦਾ ਸੀ। (*ਮਸੀਹ ਦੀ ਜ਼ਿੰਦਗੀ, 3* ਕਿਤਾਬ ਵਿਚ ''ਕੀ ਤੈਨੂੰ ਨਿਹਚਾ ਹੈ?'' ਪਾਠ ਵਿਚ ਮਰਕੁਸ 5:39 ਤੇ ਟਿੱਪਣੀਆਂ ਵੇਖੋ।) ਇਹ ਵੀ ਹੋ ਸਕਦਾ ਹੈ ਕਿ ਉਹ ਇਸ ਤੱਥ ਤੇ ਕਿ ਪਾਪ ਦੁਨੀਆਂ ਵਿਚ ਆ ਚੁੱਕਾ ਸੀ, ਜਿਹਦੇ ਕਰਕੇ ਮੌਤ ਅਤੇ ਦੁੱਖ ਆਏ, ਗੁੱਸੇ ਵਿਚ ਸੀ, ਜੋ ਮਨ ਦੀ ਉਹਦੀ ਪੀੜ ਵਾਂਗ ਸੀ, ਜਿਹਨੂੰ ਉਹ ਵੇਖ ਰਿਹਾ ਸੀ (ਵੇਖੋ ਉਤਪਤ 3:3; ਰੋਮੀਆਂ 5:12)। ਪਰ ਇਨ੍ਹਾਂ ਸ਼ਬਦਾਂ ਦਾ ਸਿਰਫ਼ ਇਹੀ ਸੰਕੇਤ ਹੋ ਸਕਦਾ ਹੈ ਕਿ ਉਹ ਪਰੇਸ਼ਾਨ ਸੀ ਕਿਉਂਕਿ ਉਹਦੇ ਦੋਸਤ ਪਰੇਸ਼ਾਨ ਸਨ। [18]ਯੂਹੰਨਾ 11:35. ਬਾਈਬਲ ਦੀ ਸਭ ਤੋਂ ਛੋਟੀ ਆਇਤ ਹੈ। ਇਹਦੇ ਛੋਟਾ ਹੋਣ ਕਰਕੇ ਕਈ ਵਾਰ ਬੱਚੇ ਇਹਨੂੰ ਸਭ ਤੋਂ ਪਹਿਲਾਂ ਯਾਦ ਕਰਦੇ ਹਨ। [19]ਸੁਝਾਅ ਦਿੱਤਾ ਗਿਆ ਹੈ ਕਿ ਯਿਸੂ ਦੀ ਪਰੇਸ਼ਾਨੀ ਦਾ ਇਕ ਕਾਰਣ ਇਹ ਸੀ ਕਿ ਉਹ ਲਾਜ਼ਰ ਨੂੰ ਮੁਰਦਿਆਂ ਦੀ ਮੁਬਾਰਕ ਹਾਲਤ ਵਿੱਚੋਂ ਸੋਗ ਅਤੇ ਪਾਪ ਦੀ ਦੁਨੀਆ ਵਿਚ ਲਿਆ ਰਿਹਾ ਸੀ (ਲੂਕਾ 16:23)। ਬਾਅਦ ਵਿਚ ਲਾਜ਼ਰ ਨੂੰ ਫੇਰ ਮੌਤ ਦੀ ਤਕਲੀਫ਼ ਝੱਲਣੀ ਪੈਣੀ ਸੀ। [20]ਇਹ ਆਇਤਾਂ ਸਾਨੂੰ ਉਸ ਜ਼ਮਾਨੇ ਦੀਆਂ ਕਬਰਾਂ ਬਾਰੇ ਕੁਝ ਜਾਣਕਾਰੀ ਦਿੰਦੀਆਂ ਹਨ।

[21]ਮੈਕਗਰਵੇ ਐਂਡ ਪੈਂਡਲਟਨ, 526. [22]''ਯਹੂਦੀ'' ਕਥਨ ਯੂਹੰਨਾ 11 ਦੇ ਸ਼ੁਰੂ ਵਿਚ (ਆਇਤ 8) ਅਤੇ ਅਖ਼ੀਰ ਵਿਚ (ਆਇਤ 55) ਯਹੂਦੀ ਆਗੂਆਂ ਲਈ ਕਿਹਾ ਗਿਆ ਹੈ। ਇਹ ਤਰਕਸੰਗਤ ਹੈ ਕਿ

ਇਹ ਅਧਿਆਇ ਦੇ ਵਿਚਕਾਰ ਵੀ ਹੈ। ਇਸ ਪਰਿਭਾਸ਼ਾ ਦਾ ਮੁੱਖ ਇਤਰਾਜ਼ ਇਹ ਹੈ ਕਿ ਆਇਤ 46 ਵਿਚ ''ਯਹੂਦੀਆਂ'' (ਆਇਤ 45) ਦੀ ਇਕ ਜਮਾਤ ਨੇ ਫ਼ਰੀਸੀਆਂ ਨੂੰ ਖਬਰ ਦਿੱਤੀ, ਪਰ ਉਹ ਆਪਣੇ *ਸਾਥੀ* ਆਗੂਆਂ ਨੂੰ ਦੱਸ ਰਹੇ ਹੋ ਸਕਦੇ ਹਨ। [23]ਆਇਤ 47 ਵਿਚਲੀ ''ਸਭਾ'' ਸਨਹੇਡ੍ਰਿਨ ਹੈ। ਸਨਹੇਡ੍ਰਿਨ ਤੇ ਹੋਰ ਚਰਚਾ ਲਈ *ਮਸੀਹ ਦੀ ਜ਼ਿੰਦਗੀ, 1* ਵਿਚ ''ਸੰਸਾਰ ਜਿਸ ਵਿਚ ਮਸੀਹ ਆਇਆ'' ਪਾਠ ਵੇਖੋ। [24]ਮੁਰਦਿਆਂ ਨੂੰ ਜ਼ਿੰਦਾ ਕਰਨ ਸਣੇ ਉਹ ਇਸ ਗੱਲੋਂ ਨਹੀਂ ਮੁੱਕਰੇ ਕਿ ਯਿਸੂ ਨੇ ਮੋਅਜਜ਼ੇ ਕੀਤੇ ਸਨ (ਆਇਤ 47)। [25]ਆਇਤ 49 ਕਹਿੰਦੀ ਹੈ ਕਿ ਕਯਾਫ਼ਾ ''ਉਸ ਵਰ੍ਹੇ ਦਾ ਮਹਾਂਯਾਜਕ'' ਸੀ। ਇਸਦਾ ਮਤਲਬ ਇਹ ਨਹੀਂ ਕਿ ''ਸਿਰਫ਼ ਉਸ ਵਰ੍ਹੇ ਦਾ,'' ਕਿਉਂਕਿ ਇਸੇ ਇਖ਼ਤਿਆਰ ਨਾਲ ਉਸਨੇ 18–36 ਈ. ਤਕ ਕੰਮ ਕੀਤਾ ਸੀ, ਬਲਕਿ ''ਉਸ *ਖ਼ਾਸ* ਵਰ੍ਹੇ'' ਦਾ (ਦੂਜੇ ਸ਼ਬਦਾਂ ਵਿਚ, ਜਿਸ ਵਰ੍ਹੇ ਯਿਸੂ ਦੀ ਮੌਤ ਹੋਈ)। [26]ਰੌਬਰਟ ਐਲ. ਥੌਮਸ, ਸੰਪਾ., ਐਂਡ ਸਟੈਨਲੀ ਐਨ. ਗੁੰਡਰੀ, ਸਹਿ ਸੰਪਾ. *ਏ ਹਾਰਮਨੀ ਆਫ਼ ਦ ਗੌਸਪਲਜ਼* (ਸ਼ਿਕਾਗੋ: ਮੂਡੀ ਪ੍ਰੈਸ, 1978), 161. [27]ਯੂਹੰਨਾ 11:47, 57 ਵਿਚਲੇ ਜ਼ਿਆਦਾਤਰ ''ਪ੍ਰਧਾਨ ਯਾਜਕ'' ਸਦੂਕੀ ਹੀ ਸਨ। [28]ਇਸ ਕਿਤਾਬ ਵਿਚ ''ਯਿਸੂ ਦੀ ਸੇਵਕਾਈ ਦੌਰਾਨ ਫ਼ਲਿਸਤੀਨ'' ਵਾਲਾ ਨਕਸ਼ਾ ਵੇਖੋ। [29]ਇਸਦਾ ਅਨੁਵਾਦ ''ਉਹ ਸਾਮਰੀਆ ਅਤੇ ਗਲੀਲ ਦੇ ਵਿੱਚੋਂ ਦੀ ਹੋ ਕੇ ਗਿਆ'' ਹੋ ਸਕਦਾ ਹੈ। ਵਿਦਵਾਨਾਂ ਨੂੰ ਪੱਕਾ ਨਹੀਂ ਹੈ ਕਿ ਇਸਦਾ ਅਰਥ ਇਹ ਹੈ ਕਿ ਯਿਸੂ ਸਚਮੁਚ ਸਾਮਰੀਆ ਅਤੇ ਗਲੀਲ ਵਿੱਚੋਂ ਦੀ ਹੋ ਕੇ ਗਿਆ ਜਾਂ ਦੋਹਾਂ ਇਲਾਕਿਆਂ ਦੀ ਹੱਦ ਤਕ ਹੀ ਪਹੁੰਚਿਆ (ਸ਼ਾਇਦ ਪਿਰੀਆ ਵਿੱਚੋਂ ਦੀ)। [30]ਕੁਝ ਔਰਤਾਂ ਜਿਨ੍ਹਾਂ ਨੇ ਗਲੀਲ ਵਿਚ ਉਸਦੀ ਸੇਵਾ ਕੀਤੀ ਸੀ, ਭੀੜ ਵਿਚ ਜਾ ਰਹੀਆਂ ਹੋਣਗੀਆਂ (ਵੇਖੋ ਮੱਤੀ 27:55; ਮਰਕੁਸ 15:41)।

[31]ਰੌਬਰਟ ਡੰਕਨ ਕਲਵਰ, *ਦ ਲਾਈਫ਼ ਆਫ਼ ਕ੍ਰਾਈਸਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1976), 196. [32]ਇਸ ਆਮ ਸਥਿਤੀ ਲਈ, ਇਸ ਕਿਤਾਬ ਵਿਚ ਅੱਗੇ ''ਯਿਸੂ ਦੀ ਸੇਵਕਾਈ ਦੌਰਾਨ ਫ਼ਲਿਸਤੀਨ'' ਵਾਲਾ ਨਕਸ਼ਾ ਵੇਖੋ। [33]ਇਹ ਹੋ ਸਕਦਾ ਹੈ ਕਿ ਉਹਦੇ ਸਫ਼ਰ ਨੂੰ ਜਾਰੀ ਰਹਿਣ ਕਰਕੇ ਆਸ ਠੰਡੀ ਪੈ ਗਈ ਹੋਵੇ, ਜਿਸ ਕਰਕੇ ਉਨ੍ਹਾਂ ਦਾ ਸਵਾਲ ਇਮਾਨਦਾਰੀ ਨਾਲ ਪੁੱਛਿਆ ਗਿਆ ਸੀ, ਪਰ ਅਜਿਹਾ ਲਗਦਾ ਨਹੀਂ ਹੈ। [34]ਜੌਨ ਫ੍ਰੈਂਕਲਿਨ ਕਾਰਟਰ, *ਏ ਲੇਮੇਨਜ਼ ਹਾਰਮਨੀ ਆਫ਼ ਦ ਗੌਸਪਲਜ਼* (ਨੈਸ਼ਵਿੱਲੇ: ਬ੍ਰੌਡਮੈਨ ਪ੍ਰੈਸ, 1961), 227. [35]ਕਲੀਸੀਆ ਦੀ ਸਥਾਪਨਾ, ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਆਉਣ ਵਾਲੇ ਪਹਿਲੇ ਪੈਂਟੀਕਾਸਟ ਵਾਲੇ ਦਿਨ ਹੋਈ ਸੀ (ਰਸੂਲਾਂ ਦੇ ਕੰਮ 2)। [36]ਇਨ੍ਹਾਂ ਆਇਤਾਂ ਦੀ ਤੁਲਨਾ ਕਰੋ:

| | |
|---|---|
| ਲੂਕਾ 17:24/ਮੱਤੀ 24:27 | ਲੂਕਾ 17:26, 27/ਮੱਤੀ 24:37–39 |
| ਲੂਕਾ 17:31/ਮੱਤੀ 24:17 | ਲੂਕਾ 17:35/ਮੱਤੀ 24:41 |
| ਲੂਕਾ 17:37/ਮੱਤੀ 24:28 | |

ਲੂਕਾ 17 ਵਿਚ ਮਿਲਣ ਵਾਲੀ ਕੁਝ ਖ਼ਾਸ ਸਮੱਗਰੀ ਮੱਤੀ 24 ਵਿਚ ਨਹੀਂ ਮਿਲਦੀ। ਉਦਾਹਰਣ ਲਈ ਲੂਕਾ 17 ਵਿਚ ਯਿਸੂ ਨੇ ਆਪਣੇ ਸੁਣਨ ਵਾਲਿਆਂ ਲਈ ਤਿਆਰ ਰਹਿਣ ਵਾਸਤੇ ਸਦੂਮ ਅਤੇ ਅਮੂਰਾ ਦੀ ਬਰਬਾਦੀ ਦੀ ਵਰਤੋਂ ਕੀਤੀ। ''ਲੂਤ ਦੀ ਤੀਵੀਂ ਨੂੰ ਚੇਤੇ ਰੱਖੋ'' (ਲੂਕਾ 17:32) ਦੀ ਤਾੜਨਾ ਜੋ ਸਿਰਫ਼ ਇੱਥੇ ਮਿਲਦੀ ਹੈ, ''ਆਪਣਾ ਹੱਥ ਹਲ ਤੇ ਰੱਖ ਕੇ ਪਿਛਾਹਾਂ ਨੂੰ ਨਾ ਵੇਖਣਾ'' ਸਿਖਾਉਣ ਦਾ ਵਧੀਆ ਢੰਗ ਹੈ (ਲੂਕਾ 9:62)। [37]ਮੱਤੀ 24 ਤੇ ਚਰਚਾ ਵਿਚ ਇਸ ਕਿਤਾਬ ਵਿਚ ਅੱਗੇ ਦੋ ਭਾਗਾਂ ਵਿਚ ਦਿੱਤੇ ''ਅਤੇ ਉਹ ਚਲਿਆ ਗਿਆ'' ਪਾਠ ਵਿਚ ਵੇਖੋ। [38]ਮੇਰੇ ਦਿਮਾਗ ਵਿਚ ਖ਼ਾਸ ਕਰਕੇ 31 ਅਤੇ 37 ਆਇਤਾਂ ਹਨ। ਇਨ੍ਹਾਂ ਨੂੰ ਦੂਜੀ ਆਮਦ ਤੇ ਲਾਗੂ ਕੀਤਾ ਜਾ ਸਕਦਾ ਹੈ, ਪਰ ਮੱਤੀ 24 ਵਾਂਗ ਹੀ ਭਾਸ਼ਾ ਯਰੂਸ਼ਲਮ ਦੀ ਬਰਬਾਦੀ ਦੀ ਗੱਲ ਕਰਦੀ ਲਗਦੀ ਹੈ। ਇਸ ਲੜੀ ਵਿਚ ਅੱਗੇ ਮੱਤੀ 24 ਅਧਿਆਇ ਤੇ ਚਰਚਾ ਵੇਖੋ। [39]ਇਸ ਨੂੰ ਕਈ ਵਾਰ ''ਹਠੀ ਵਿਧਵਾ ਦਾ ਦ੍ਰਿਸ਼ਟਾਂਤ'' ਕਿਹਾ ਜਾਂਦਾ ਹੈ। ''ਹਠੀ'' ਦਾ ਮਤਲਬ ਹੈ ''ਜ਼ਿੱਦੀ।'' [40]ਲੂਕਾ 18:7 ਦੀ ਤੁਲਨਾ ਪ੍ਰਕਾਸ਼ ਦੀ ਪੋਥੀ 6:9–11 ਨਾਲ ਕਰੋ।

[41]ਦ ਲਿਵਿੰਗ ਬਾਈਬਲ ਦਾ ਅਨੁਵਾਦ ਹੈ ''ਜਿਸਨੂੰ ਯਕੀਨ ਹੋਵੇ ਅਤੇ ਦੁਆ ਕਰ ਰਿਹਾ ਹੋਵੇ।'' ਅਜਿਹੀ ਹੀ ਚਿੰਤਾ ਮੱਤੀ 24:12, 13 ਵਿਚ ਵਿਖਾਈ ਗਈ ਹੈ। [42]ਅਜਿਹਾ ਨਹੀਂ ਸੀ ਕਿ ਯਿਸੂ ਦੀ ਸਿੱਖਿਆ ਨਾਲ

ਫ਼ਰੀਸੀ ਆਪਣੇ ਆਪ ਬਦਲ ਜਾਣੇ ਸਨ, ਪਰ ਉਸਨੂੰ ਫ਼ਰੀਸੀਆਂ ਦੀ ਵਾਹ ਵਾਹ ਕਰਨ ਵਾਲਿਆਂ ਦੇ ਵਿਹਾਰ ਨੂੰ ਪ੍ਰਭਾਵਿਤ ਕਰਨ ਦੀ ਉਮੀਦ ਹੋਵੇਗੀ। ਲੇਖਕ ਇਸੇ ਗੱਲ ਤੇ ਧਿਆਨ ਦੁਆਉਂਦੇ ਹਨ, ਕਿਉਂਕਿ ਦ੍ਰਿਸ਼ਟਾਂਤ ਘੁਮਾ ਫਿਰਾ ਕੇ ਸਿੱਖਿਆ ਦੇਣ ਲਈ ਬਣਾਏ ਗਏ ਹਨ। ਜੇ ਯਿਸੂ ਦਾ ਮੁਖ ਮਕਸਦ ਫ਼ਰੀਸੀਆਂ ਨੂੰ ਬਦਲਣਾ ਸੀ, ਤਾਂ ਉਸ ਨੇ ਫ਼ਰੀਸੀਆ ਦੀ ਉਦਾਹਰਣ ਦੀ ਵਰਤੋਂ ਨਹੀਂ ਕੀਤੀ ਹੋਵੇਗੀ। [43]ਐਚ. ਆਈ. ਹੇਸਟੇਰ, *ਹਾਰਟ ਆਫ਼ ਦ ਨਿਊ ਟੈਸਟਾਮੈਂਟ* (ਲਿਬਰਟੀ, ਮਿਜ਼ੋਰੀਃ ਕਵਾਲਿਟੀ ਪ੍ਰੈਸ, 1963), 179. [44]ਇਸ ਦ੍ਰਿਸ਼ਟਾਂਤ ਤੇ ਵਿਸਤਾਰ ਨਾਲ ਚਰਚਾ ਲਈ ਅਗਲਾ ਪਾਠ ''ਹੇ ਪਰਮੇਸ਼ੁਰ, ਦਯਾ ਕਰ!'' ਵੇਖੋ।

# ਯਿਸੂ ਦੀ ਸੇਵਕਾਈ ਦੌਰਾਨ ਫ਼ਲਿਸਤੀਨ

